ਅਪ੍ਰੈਲ 1987
ਮੁੱਲ--ਦੋ ਰੁਪਏ
83

## ਇਸ ਅੰਕ ਵਿਚ


- o **ਸੰਪਾਦਕੀ-ਨੋਟ :** ਕੇਰਲਾ ਤੇ ਬੰਗਾਲ ਵਿਚ ਕਾਂਗਰਸ ਦੀ ਹਾਰ ਸਿਆਸਤ ਵਿਚ, ਕੇਂਦਰੀਕਰਨ ਵਿਰੁੱਧ ਇਕ ਨਵਾਂ ਮੋੜ ਹੈ। ਇਹਨਾਂ ਹਾਰਾਂ ਨੇ ਰਾਜੀਵ ਦਾ ਅਭਿਮਾਨ ਤੋੜਿਆ ਹੈ।
- —ਪੰਜਾਬ ਦੀਆਂ ਯੂਨੀਵਰਸਟੀਆਂ ਵਲੋਂ ਕਰਵਾਏ ਗਏ ਸੈਮੀਨਾਰਾਂ ਵਿਚ ਸਿਖ ਸ਼ਾਵਨਵਾਦੀ ਰੁਚੀ ਪੰਜਾਬ ਦੇ ਸਭਿਆਚਾਰ ਨੂੰ ਗ਼ਲਤ ਢੰਗ ਨਾਲ ਪੇਸ਼ ਕਰਦੀ ਹੈ।
- o **ਸੰਪਾਦਕੀ-ਟਿਪਣੀਆਂ :** ਸੁਰਖ ਰੇਖਾ ਵਿਚ ਛਪੀ ਇਕ ਰੀਪੋਰਟ ਬਾਰੇ—ਖਾਲਿਸਤਾਨੀਆਂ ਅਤੇ ਪੈਗਾਮ ਪੰਥੀ ਕਾਤਲੀ ਗਰੋਹਾਂ ਦਾ ਮੁਕਾਬਲਾ ਕਰਨ ਲਈ ਇਕ ਮੁੱਠ ਹੋ ਜਾਓ।
  - —ਲਾਲ ਝੰਡੇ ਦੀ ਸਿਆਸਤ ਦਾ ਪੰਜਾਬ ਵਿਚ ਵਡਾ ਅਧਾਰ ਹੈ।
  - —ਗਿਆਨੀ ਜ਼ੈਲ ਸਿੰਘ ਦਾ ਰਾਜੀਵ ਗਾਂਧੀ ਵਿਰੁੱਧ ਇਕ ਬਦਨਾਮ ਸਿਆਸਤਦਾਨ ਦਾ ਆਪਣੀ ਸਾਖ ਕਾਇਮ ਕਰਨ ਦਾ ਇਕ ਸੋਚਿਆ ਸਮਝਿਆ ਪੈਂਤੜਾ ਹੈ।
  - —ਸਰਕਾਰੀ ਸਨਮਾਨ ਬਾਰੇ ਗੁਰਸ਼ਰਨ ਸਿੰਘ ਦੀ ਧਾਰਨਾ ਸਨਮਾਨ ਲੈਣ ਜਾਂ ਨਾਂ ਲੈਣ ਬਾਰੇ ਸਾਰੇ ਪਹਿਲੂਆਂ ਨੂੰ ਸੋਚਕੇ ਸਾਥੀਆਂ ਦਾ ਫੈਸਲਾ ਮੰਨਿਆ ਜਾਏਗਾ।
- o ਪੰਜਾਬ ਦੇ ਹਾਲਾਤ ਬਾਰੇ ਇਕ ਮੂੰਹ ਬੋਲਦੀ ਰੀਪੋਰਟ।
- o ਪੁਸਤਕ ਰੀਵੀਊ—ਅਲਵਿਦਾ ਨਹੀਂ ਭੁਪਿੰਦਰ
- o ਸਾਨਫਰਾਂਸਿਸਕੋ ਵਿਚ ਹੋਏ ਮੁਜ਼ਾਹਰੇ ਬਾਰੇ ਹੋਰ ਲਿਖਤਾਂ।
- o ਕਵਿਤਾਵਾਂ : ਮੋਹਣ ਮਤਿਆਲਵੀ ਅਤੇ ਸੋਹਣ ਢੰਡ
- o ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ/ਲਾਭ ਸਿੰਘ ਅਕਲੀਆ
- o ਪਾਠਕ ਲੇਖਕ ਫੋਰਮ—ਕਰਮ ਬਰਸਟ ਦੇ ਲੇਖ ਬਾਰੇ/ਬਲਬੀਰ ਪ੍ਰਵਾਨਾ
- o ਪੈਗਾਮ ਦੀ ਪੱਤ੍ਰਕਾਰੀ ਬਾਰੇ/ਕਰਮਜੀਤ o ਪੰਜਾਬ ਦੇ ਮਸਲੇ ਬਾਰੇ/ਤੇਜਿੰਦਰ ਸਿੰਘ ਸੰਧੂ
- o ਸੁਰਖ ਰੇਖਾ ਦੀ ਪੱਤ੍ਰਕਾਰੀ ਬਾਰੇ/ਮਾਲਵਿੰਦਰ ਮਾਲੀ
- o ਸੁਰਖ ਰੇਖਾ ਦੀ ਪੱਤ੍ਰਕਾਰੀ ਬਾਰੇ—ਬੱਲਬੀਰ ਸਿੰਘ ਮੁਕੇਰੀਆਂ
- o *ਇਨਕਲਾਬੀ ਏਕਤਾ ਕੇਂਦਰ ਦੇ ਮਾਰਚ ਬਾਰੇ ਗੁਰਸ਼ਰਨ ਸਿੰਘ ਦੀ ਡਾਇਰੀ ਦੇ ਕੁਝ ਅੰਸ਼*


## ਸੰਪਾਦਕੀ ਨੋਟ

**o ਬੰਗਾਲ ਅਤੇ ਕੇਰਲਾ ਵਿਚ ਕਾਂਗਰਸ ਦੀ ਹਾਰ ਦੇਸ਼ ਦੀ ਸਿਆਸਤ ਵਿਚ ਇਕ ਨਵਾਂ ਮੋੜ ਹੈ।** ਜੰਮੂ ਅਤੇ ਕਸ਼ਮੀਰ ਵਿਚ ਵੀ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਕਾਂਗਰਸ ਨੂੰ ਫਾਰੂਖ ਵਰਗੇ ਲੋਕਾਂ ਦਾ ਆਸਰਾ ਲੈਣਾ ਪਿਆ ਹੈ। ਦਸੰਬਰ 1984 ਦੀਆਂ ਚੋਣਾਂ ਦੇਸ਼ ਦੀ ਏਕਤਾ ਦਾ ਨਾਅਰਾ ਦੇਕੇ ਕਾਂਗਰਸ ਨੇ ਜਿੱਤੀਆ ਸਨ। ਇੰਦਰਾ ਗਾਂਧੀ ਦੀ ਹੱਤਿਆ ਨੇ ਇਸ ਨਾਅਰੇ ਨੂੰ ਭਾਵੁਕਤਾ ਦਾ ਆਧਾਰ ਦਿੱਤਾ ਸੀ। ਰਾਜੀਵ ਗਾਂਧੀ ਨੇ ਇਸ ਜਿੱਤ ਦੀ ਅਭਿਮਾਨਤਾ ਵਿਚ ਕੇਂਦਰੀ ਸਰਕਾਰ ਦੀ ਤਾਨਾਸ਼ਾਹੀ ਵਧਾਉਣ ਲਈ ਅਤੇ ਤਾਕਤ ਦੇ ਕੇਂਦਰੀਕਰਨ ਦੀਆਂ ਨੀਤੀਆਂ ਅਪਣਾਈਆਂ। ਅਭਿਮਾਨ ਵਿਚ ਹਰ ਮਸਲੇ ਨੂੰ ਫੌਜੀ, ਨੀਮ ਫੌਜੀ ਜਾਂ ਪੁਲਸ ਜੱਬਰ ਨਾਲ ਹੱਲ ਕਰਨ ਵਾਲਾ ਰਾਹ ਅਪਣਾਇਆ। ਪੰਜਾਬ ਅਤੇ ਆਸਾਮ ਦੇ ਸਮਝੌਤੇ ਵੀ ਕੀਤੇ ਪਰ ਇਕ 'ਅਭਿਮਾਨੀ ਵਡੇ ਭਰਾ' ਵਾਂਗੂ ਸਮਝੌਤੇ ਦੀ ਹਰ ਇਕ ਮੱਦ ਦੀ ਆਪਣੇ ਹਿੱਤ ਵਿਚ ਹੀ ਵਿਆਖਿਆ ਕੀਤੀ। ਜਾਬਰ ਅਤੇ ਚਾਲਾਕ ਨੀਤੀਆਂ ਨਾਲ ਛੋਟੀ ਧਿਰ

ਨੂੰ ਜਿੱਚ ਕਰਕੇ ਆਪਣੀ ਧੌਂਸ ਰੱਖੀ। ਪੰਜਾਬ ਦੇ ਲੋਕ ਇਹਨਾਂ ਨੀਤੀਆਂ ਦੀ ਹਰ ਰੋਜ਼ ਬੜੀ ਵੱਡੀ ਕੀਮਤ ਦੇ ਰਹੇ ਹਨ। ਕਾਂਗਰਸ ਦੀਆਂ ਚੋਣਾਂ ਵਿਚ ਇਹ ਹਾਰ ਅਤੇ ਰਾਜੀਵ ਦੇ ਅਭਿਮਾਨ ਦਾ ਟੁੱਟਣਾ ਇਸ ਦੇਸ਼ ਦੇ ਫਾਸ਼ੀਵਾਦ ਵੱਲ ਵੱਧਦੇ ਕਦਮਾਂ ਵਿਚ ਇਕ ਠੱਲ-ਪਾਉਣ ਦਾ ਅਮਲ ਸਾਬਤ ਹੋਵੇਗਾ। ਇਹ ਇਕ ਸ਼ੁਭ ਗੱਲ ਹੈ।

**੦. ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਸੈਮੀਨਾਰ:-** ਖਾਸ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਪਿਛੇ ਜਿਹੇ ਇਕਾ ਦੁੱਕਾ 'ਸਿੱਖ ਫਲਸਫੇ' ਉਤੇ ਸੈਮੀਨਾਰ ਬਾਰੇ ਬਹੁਤ ਖਬਰਾਂ ਅਖਬਾਰਾਂ ਵਿਚ ਪੜ੍ਹਨ ਨੂੰ ਮਿਲੀਆਂ ਹਨ। ਸੈਮੀਨਾਰ ਭਾਵੇਂ ਹਿਸਟਰੀ ਦਾ ਹੋਵੇ, ਸਭਿਆਚਾਰ ਦਾ ਹੋਵੇ, ਆਰਥਿਕ ਮਸਲਿਆਂ ਬਾਰੇ ਹੋਵੇ ਜਾਂ ਫਿਲਾਸਫੀ ਦਾ ਹੋਵੇ, ਸਿੱਖ ਸ਼ਾਵਨਵਾਦ ਨੂੰ ਪ੍ਰਫੁੱਲਤ ਕਰਦੇ ਹਨ। ਸੈਮੀਨਾਰਾਂ ਵਿਚ ਬੋਲਦੇ ਵਿਦਵਾਨਾਂ ਉਤੇ ਸਿਖ ਸਟੂਡੈਂਟਸ ਫੈਡਰੇਸ਼ਨ ਦਾ ਦਾਬਾ ਪ੍ਰਤੱਖ ਲੱਭ ਪੈਂਦਾ ਹੈ। ਸਿੱਧੇ ਜਾਂ ਅਸਿੱਧੇ ਤੌਰ ਤੇ ਇਹ ਸਾਬਤ ਕਰਨ ਦਾ ਯਤਨ ਕੀਤਾ ਜਾਂਦਾ ਹੈ ਕਿ ਸਿੱਖ ਫਲਸਫਾ ਹੀ ਜੀਵਨ ਜਾਚ ਲਈ ਅਤੇ ਇਕ ਆਦਰਸ਼ਕ ਸਮਾਜ ਬਨਾਉਣ ਲਈ ਮੁਕੰਮਲ ਫਲਸਫਾ ਹੈ। ਇਹ ਦਸਿਆ ਜਾਂਦਾ ਹੈ, ਭਾਵੇਂ ਇਹ ਫਲਸਫਾ 15ਵੀਂ-16ਵੀਂ ਸਦੀ ਦੀ ਰਜਵਾੜਾ ਸ਼ਾਹੀ ਅਤੇ ਜਗੀਰੂ ਯੁੱਗ ਦੀ ਪੈਦਾਵਾਰ ਹੈ, ਇਹ ਅੱਜ ਦੇ ਯੁੱਗ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪੇਸ਼ ਕਰਦਾ ਹੈ। ਸਿੱਖ ਵਿਦਵਾਨਾਂ ਦੇ ਇਹਨਾਂ ਯਤਨਾਂ ਦੇ ਮੰਤਵਾਂ ਬਾਰੇ ਤਾਂ ਸਮਝਿਆ ਜਾ ਸਕਦਾ ਹੈ, ਪਰ ਜਦੋਂ ਕਹਿੰਦੇ ਕਹਿਲਾਂਦੇ ਮਾਰਕਸਵਾਦੀ ਵੀ ਇਸੇ ਸੁਰ ਵਿਚ ਬੋਲਦੇ ਹਨ ਤਾਂ ਹੈਰਾਨਗੀ ਹੁੰਦੀ ਹੈ। ਪੰਜਾਬ ਦੇ ਸਭਿਆਚਾਰ ਵਿਚ ਸਾਡੇ ਗੁਰੂਆਂ ਦੀ ਇਕ ਦੇਣ ਹੈ, ਇਸ ਬਾਰੇ ਕੋਈ ਵੱਡਾ ਕਿੰਤੂ ਨਹੀਂ, ਪਰ ਪੰਜਾਬ ਦੇ ਸਭਿਆਚਾਰ ਦੀਆਂ ਜੜ੍ਹਾਂ ਇਹਦੇ ਆਰਥਕ ਆਧਾਰ ਹਨ, ਇਸ ਤੋਂ ਕੋਈ ਵੀ ਵਿਦਵਾਨ ਅੱਖਾਂ ਨਹੀਂ ਮੀਟ ਸਕਦਾ। ਪੰਜਾਬ ਦੀ ਆਰਥਕਤਾ ਕਿਸਾਨੀ ਉਤੇ ਨਿਰਭਰ ਹੈ ਅਤੇ ਕਿਸਾਨ ਕਿਉਂਕਿ ਨੱਬੇ ਫੀਸਦੀ ਸਿੱਖ ਹਨ, ਇਸ ਕਰਕੇ ਇਹਦਾ ਸਭਿਆਚਾਰ ਸਿੱਖ ਕਦਰਾਂ ਕੀਮਤਾਂ ਨਾਲ ਜੋੜਕੇ ਦੱਸਿਆ ਜਾਂਦਾ ਹੈ। ਸਚਾਈ ਇਹ ਹੈ ਕਿ ਇਹ ਕਦਰਾਂ ਕੀਮਤਾਂ ਬਹੁਤੀਆਂ ਕਿਸਾਨੀ ਕਿੱਤੇ ਨਾਲ ਜੁੜੀਆਂ ਹੁੰਦੀਆਂ ਹਨ। ਪੰਜਾਬ ਦਾ ਕਿਸਾਨ ਖੁਲ੍ਹੇ ਸੁਭਾਵ ਦਾ ਹੈ। ਉਹ ਅੜਬ ਵੀ ਹੈ। ਉਹ ਕ੍ਰਿਤ ਦੀ ਕਮਾਈ ਕਰਕੇ ਕੁਝ ਹੱਥੋਂ ਦੇਣਾ ਚਾਹੁੰਦਾ ਹੈ। ਉਹ ਪ੍ਰਾਹੁਣਿਆਂ ਦੀ ਸੇਵਾ ਕਰਨ ਵਾਲਾ ਹੈ। ਸੇਵਾ ਕਰਦਾ ਕਰਦਾ ਪ੍ਰਾਹੁਣੇ ਨੂੰ ਵੀ ਪਿਆਕੇ ਅਤੇ ਆਪ ਵੀ ਪੀ ਕੇ ਉਹ ਪ੍ਰਾਹੁਣੇ ਦਾ ਸਿਰ ਵੀ ਲਾਹ ਸਕਦਾ ਹੈ। ਉਹ ਅਣਖ ਵਾਲਾ ਹੈ। ਉਹ ਵੰਡਕੇ ਛਕਣ ਵਾਲਾ ਹੈ। ਉਹ ਜ਼ਾਤਪਾਤ ਦੇ ਵਿਤਕਰੇ ਨੂੰ ਆਪਣੇ ਵਰਤਾਰੇ ਵਿਚ ਨਹੀਂ ਆਉਣ ਦੇਂਦਾ ਹੈ। ਉਹ ਆਪਣੇ ਨਾਲੋਂ ਨੀਵੀਂ ਜ਼ਾਤ ਵਾਲੇ ਬੰਦੇ ਨਾਲ ਸ਼ਰਾਬ ਦੀ ਕੌਲੀ ਸਾਂਝੀ ਕਰ ਸਕਦਾ ਹੈ ਅਤੇ ਫੇਰ ਜਦੋਂ ਨਸ਼ਾ ਹੋ ਜਾਏ, ਉਹਦਾ ਜੱਟਵਾਦ ਜਾਗ ਜਾਏ ਤੇ ਉਹ ਕੌਲੀ ਸਾਂਝੀ ਕਰਦੇ 'ਚੂੜ੍ਹੇ' ਨੂੰ ਗਾਲ੍ਹਾਂ ਵੀ ਕੱਢ ਸਕਦਾ ਹੈ। ਥੋੜਾ ਜਿਹਾ ਵੀ ਨੀਝ ਨਾਲ ਤਕੀਏ ਤੇ ਇਹ ਗੁਣ ਔਗੁਣ ਗੁਜਰਾਤ ਦੇ ਕਿਸਾਨਾਂ ਵਿਚ ਵੀ ਹੋਣਗੇ। ਹਰਿਆਣੇ ਦੇ ਕਿਸਾਨਾਂ ਵਿਚ ਵੀ ਹੋਣਗੇ। ਪਾਕਿਸਤਾਨ ਰਹਿ ਗਏ ਮੁਸਲਮਾਨ ਕਿਸਾਨਾਂ ਵਿਚ ਵੀ ਹੋਣਗੇ। ਸਿੱਖ ਫਲਸਫੇ ਦੀ ਪੰਜਾਬ ਦੇ ਸੁਭਾਅ ਨੂੰ ਬਣਾਉਣ ਦੀ ਉਨੀ ਹੀ ਸੀਮਤ ਜਿਹੀ ਦੇਣ ਹੈ, ਜਿਹੜੀ ਹਰ ਅਧਿਆਤਮਕ ਫਲਸਫੇ ਦੀ ਹੁੰਦੀ ਹੈ। ਇਸ ਤੋਂ ਵੱਧ ਨਹੀਂ। ਵੱਧ ਦੇਣ ਆਰਥਕ ਸਿਸਟਮ ਦੀ ਹੈ। ਅੱਜ ਦੇ ਸਿੱਖ ਵਪਾਰੀ ਦਾ ਸੁਭਾਅ ਹਿੰਦੂ ਵਪਾਰੀ ਤੋਂ ਵੱਖ ਨਹੀਂ ਹੋਵੇਗਾ। ਪੰਜਾਬ ਦੀ ਪਠਾਨਕੋਟ ਤਹਿਸੀਲ ਵਿਚ ਕਿਸਾਨੀ ਹਿੰਦੂ ਰਾਜਪੂਤਾਂ ਅਤੇ ਬ੍ਰਾਹਮਣਾ ਦੀ ਹੈ। ਉਹਦਾ ਸਾਰਾ ਹੀ ਸੁਭਾਅ ਤੇ ਸਭਿਆਚਾਰ ਸਿੱਖ ਕਿਸਾਨੀ ਨਾਲ ਮਿਲਦਾ ਹੈ, ਭਾਵੇਂ ਉਹਨਾਂ ਦੀ ਗੋਤ ਬ੍ਰਾਹਮਣ ਹੈ। ਸਾਨੂੰ ਇਹ ਮੰਨਕੇ ਤੁਰਨਾ ਚਾਹੀਦਾ ਹੈ ਕਿ ਕਿਸੇ ਵੀ ਇਤਿਹਾਸਕ ਯੁੱਗ ਵਿਚ ਆਰਥਕਤਾ ਦੀ ਹੀ ਇਕ ਫੈਸਲਾਕੁਨ ਭੂਮਿਕਾ ਹੁੰਦੀ ਹੈ। ਅੱਜ ਦੀ ਆਰਥਕਤਾ ਵਿਚ ਸਾਇੰਸ ਅਤੇ ਟੈਕਨੌਲਜੀ ਦੀ ਮਹੱਤਤਾ ਹੈ। ਸਾਇੰਸ ਦਾ ਆਧਾਰ ਦਲੀਲ ਉਤੇ ਹੈ। ਸੋ ਨਵਾਂ ਮਨੁੱਖ ਭਾਵੇਂ ਪੰਜਾਬ ਵਿਚ ਹੋਵੇ ਜਾਂ ਦੁਨੀਆ ਦੇ ਹੋਰ ਕਿਸੇ ਵਿਚ, ਉਹ ਬਹੁਤਾ ਸਾਇੰਸ ਤੋਂ ਪ੍ਰਭਾਵਿਤ ਹੋਵੇਗਾ, ਅਧਿਆਤਮਵਾਦ ਤੋਂ ਨਹੀਂ। ਸਿੱਖ ਵਿਦਵਾਨਾਂ ਦੀ ਸ਼ਾਵਨ ਵਾਦੀ ਸੋਚ ਇਤਿਹਾਸ ਦਾ ਪਹੀਆ ਰੋਕਣ ਦੇ ਅਮਲ ਤੋਂ ਸਿਵਾ ਕੁਝ ਨਹੀਂ। ਮਾਰਕਸਵਾਦੀ ਫਿਲਾਸਫਰਾਂ ਨੂੰ ਇਸ ਪਿਛਾਕੜ ਸੋਚ ਦਾ ਫਲਸਫੇ ਦੇ ਰੂਪ ਵਿਚ ਮੁਕਾਬਲਾ ਕਰਨਾ ਚਾਹੀਦਾ ਹੈ। ਕੇਂਦਰ ਦੀ ਧੱਕੇਸ਼ਾਹੀ ਵਿਰੁੱਧ ਵਾਲਾ ਸੰਘਰਸ਼ ਸਿੱਖ ਸ਼ਾਵਨਵਾਦੀ ਰੂਪ ਦਾ ਨਹੀਂ ਹੋਣਾ ਚਾਹੀਦਾ ਤੇ ਨਾ ਹੀ ਇਸ ਪੈਂਤੜੇ ਤੋਂ ਲੜਿਆ ਜਾਣਾ ਚਾਹੀਦਾ ਹੈ।

ਗੁਰਸ਼ਰਨ ਸਿੰਘ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

## ਸੰਪਾਦਕੀ ਟਿਪਣੀਆਂ

**੦ ਸੁਰਖ ਰੇਖਾ ਵਿਚ ਛਪੀ ਇਕ ਰੀਪੋਰਟ ਬਾਰੇ— ਖਾਲਿਸਤਾਨੀਆਂ ਅਤੇ ਪੈਗਾਮ ਪੰਥੀ ਕਾਤਲੀ ਗਰੋਹਾਂ ਦਾ ਮੁਕਾਬਲਾ ਕਰਨ ਲਈ ਇਕ ਮੁੱਠ ਹੋ ਜਾਓ:** ਕੁਝ ਸਾਥੀਆਂ ਦੀਆਂ ਇਸਦੇ ਬਾਰੇ ਮੈਨੂੰ ਚਿੱਠੀਆਂ ਆਈਆਂ ਹਨ ਕਿ ਮੈਂ ਇਸ ਗੱਲ ਦਾ ਸਪੱਸ਼ਟੀਕਰਨ ਦੇਵਾਂ ਕਿ ਖਾਲਿਸਤਾਨੀਆਂ ਨੇ ਮੇਰਾ ਨਾਂ ਹਿੱਟ ਲਿਸਟ ਤੇ ਰਖਿਆ ਹੋਇਆ ਹੈ ਪਰ ਪੈਗਾਮ ਦੇ ਸਾਥੀਆਂ ਨੇ ਮੈਨੂੰ ਅਵੇਸਲੇ ਹੋਣ ਲਈ ਕਿਹਾ ਹੈ ਤੇ ਨਾਲ ਹੀ ਇਹ ਜਾਣਕਾਰੀ ਦਿਤੀ ਹੈ ਕਿ ਖਾਲਿਸਤਾਨੀਆਂ ਦੀ ਕਮਿਊਨਿਸਟ ਇਨ-ਕਲਾਬੀਆਂ ਨੂੰ ਕਤਲ ਕਰਨ ਦੀ ਕੋਈ ਸਕੀਮ ਨਹੀਂ। ਮੈਂ ਇਸ ਬਾਰੇ ਏਨਾਂ ਹੀ ਕਹਿਣਾ ਚਾਹੁੰਣਾ ਹਾਂ ਕਿ ਮੈਨੂੰ ਇਹੋ ਜਿਹੀ ਜਾਣਕਾਰੀ ਨਹੀਂ ਕਿ ਮੇਰਾ ਨਾਂ ਲਿਸਟ ਵਿਚ ਹੈ ਜਾਂ ਨਹੀਂ ਜਾਂ ਪੈਗਾਮ ਵਾਲਿਆਂ ਨੇ ਖਾਲਿਸਤਾਨੀਆਂ ਵਲੋਂ ਮੈਨੂੰ ਕੋਈ ਭਰੋਸਾ ਦਿਵਾਇਆ ਹੈ ਕਿ ਉਹਨਾਂ ਦਾ ਵਿਚਾਰ ਕਮਿਊਨਿਸਟ ਇਨਕਲਾਬੀਆਂ ਨੂੰ ਕਤਲ ਕਰਨ ਦਾ ਨਹੀਂ ਹੈ। ਮੈਂ ਸੁਰਖ ਰੇਖਾ ਅਤੇ ਪੈਗਾਮ ਦਰਮਿਆਨ ਕਿਸੇ ਵਾਦਵਿਵਾਦ ਵਿਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਮੇਰੇ ਕੋਲ ਕੋਈ ਵੀ ਖੁਫੀਆ ਜਾਣਕਾਰੀ ਹਾਸਲ ਕਰਨ ਦਾ ਕੋਈ ਸਾਧਨ ਨਹੀਂ। ਮੈਂ ਕਿਸੇ ਗੁਪਤ ਜਥੇਬੰਦੀ ਦਾ ਮੈਂਬਰ ਨਹੀਂ। ਮੇਰੀ ਕੋਈ ਵੀ ਕਾਰਵਾਈ ਗੁੱਪਤ ਨਹੀਂ। ਮੇਰੀ ਅਪਣੀ ਸਿਕਉਰਟੀ ਉਤਨੀ ਹੀ ਹੈ ਜਿਤਨੀ ਜਿਸ ਸਮਾਗਮ ਤੇ ਮੈਂ ਗਿਆ ਹਾਂ, ਉਸ ਦੀ ਸਿਕਉਰਟੀ ਹੁੰਦੀ ਹੈ। ਮੇਰਾ ਕਮਿਊਨਿਸਟ ਵਿਚਾਰਧਾਰਕ ਵਾਦ-ਵਿਵਾਦ ਵਿਚ ਅਤੇ ਖਾਸ ਕਰਕੇ ਕਮਿਊਨਿਸਟ ਪਤ੍ਰਕਾਰੀ ਵਿਚ ਅਪਣੇ ਵਿਰੋਧੀ ਨੂੰ ਨੀਂਵਾਂ ਦਿਖਾਉਣ ਲਈ ਕਿਸੇ ਕਿਸਮ ਦੀ ਸ਼ੁਰਲੀ ਛੱਡਣ ਵਿਚ ਜਾਂ ਸਟੰਟਬਾਜ਼ੀ ਕਰਨ ਵਿਚ ਕੋਈ ਯਕੀਨ ਨਹੀਂ। ਮੈਂ ਚਾਹੁੰਦਾ ਹਾਂ ਕਿ ਇਹ ਪੱਤ੍ਰਕਾਰੀ ਹਮੇਸ਼ਾ ਦਲੀਲ ਦੀ ਧਿਰ ਤੇ ਹੋਣੀ ਚਾਹੀਦੀ ਹੈ। ਖਾਲਿਸਤਾਨੀ ਦਹਿਸ਼ਤਗਰਦਾਂ (ਪੈਗਾਮ ਦੇ ਅਨੁਸਾਰ ਸਿਖ ਖਾੜਕੂ) ਬਾਰੇ ਸਾਡੀ ਧਿਰ ਦਾ ਸਟੈਂਡ ਵੀ ਸਪੱਸ਼ਟ ਹੈ ਅਤੇ ਪੈਗਾਮ ਵਾਲਿਆਂ ਦਾ ਵੀ। ਅਸੀਂ ਪੈਗਾਮ ਦੇ ਸਟੈਂਡ ਨੂੰ ਗਲਤ ਸਮਝਦੇ ਹਾਂ ਪਰ ਸਾਡਾ ਇਹ ਵੀ ਯਕੀਨ ਹੈ ਕਿ ਪੈਗਾਮ ਦੇ ਸਾਥੀ ਕਦੀ ਕਿਸੇ ਐਸੀ ਸਾਜ਼ਸ਼ ਵਿਚ ਸ਼ਰੀਕ ਨਹੀਂ ਹੋਣਗੇ ਜਿਸਦਾ ਮੰਤਵ ਕਮਿਊਨਿਸਟ ਇਨਕਲਾਬੀਆਂ ਨੂੰ ਕਤਲ ਕਰਨਾ ਹੋਵੇਗਾ। ਸਾਡਾ ਯਕੀਨ ਜੇਕਰ ਭਵਿਖ ਵਿਚ ਗਲਤ ਨਿਕਲਿਆ ਤਾਂ ਇਹ ਇਕ ਵੱਡਾ ਦੁਖਾਂਤ ਹੋਵੇਗਾ। ੦

**੦ ਲਾਲ ਝੰਡੇ ਦੀ ਸਿਆਸਤ ਦਾ ਪੰਜਾਬ ਵਿਚ ਵੱਡਾ ਅਧਾਰ ਹੈ:** ਮੈਂ ਜਦੋਂ ਇਹ ਨੋਟ ਲਿਖ ਰਿਹਾ ਹਾਂ (21.3.87) ਤਾਂ ਮੇਰੇ ਸਾਹਮਣੇ ਇਨਕਲਾਬੀ ਏਕਤਾ ਕੇਂਦਰ ਵਲੋਂ ਪਿਛਲੇ ਚੌਦਾਂ ਦਿਨਾਂ ਤੋਂ ਚਲ ਰਿਹਾ ਇਨਕਲਾਬੀ ਕਾਫ਼ਲਾ ਹੈ, ਜਿਸ ਵਿਚ ਅਸੀਂ 87 ਲੋਕ ਪੱਕੇ ਤੌਰ ਤੇ ਲਾਲ ਝੰਡੇ ਦਾ ਸੁਨਿਹਾ ਦੇਂਦੇ ਹੋਏ ਪਿੰਡ ਪਿੰਡ ਜਾ ਰਹੇ ਹਾਂ। ਹਰ ਪੜਾਅ ਤੇ ਸੈਂਕੜੇ ਲੋਕ ਸਾਡੇ ਨਾਲ ਹੋਰ ਸ਼ਾਮਲ ਹੁੰਦੇ ਹਨ, ਜੋ ਅਗਲੇ ਪੜਾਅ ਤਕ ਸਾਡਾ ਸਾਥ ਦੇਂਦੇ ਹਨ। ਇਹਦੀ ਡਾਇਰੀ ਮੈਂ 24 ਤ੍ਰੀਖ ਲਿਖਾਂਗਾ। ਇਹ ਇਕ ਮਹਾਨ ਤਜਰਬਾ ਹੈ ਜਿਸ 'ਚ ਅਸੀਂ ਹੁਣ ਤਕ 127 ਪਿੰਡਾਂ ਤੇ ਸ਼ਹਿਰਾਂ ਵਿਚ ਰੈਲੀਆਂ, ਕ਼ਾਨਫਰੰਸਾਂ ਅਤੇ ਨੁੱਕਰ ਨਾਟਕ ਕਰ ਚੁੱਕੇ ਹਾਂ ਤੇ ਹਜ਼ਾਰਾਂ ਹੀ ਲੋਕਾਂ ਦੀ ਇਸ ਵਿਚ ਸ਼ਮੂਲੀਅਤ ਹੋਈ ਹੈ। ਇਸ ਕਾਫਲੇ ਦੀ ਕਾਮਯਾਬੀ ਨੇ ਸਾਡੇ ਵਿਚ ਨਵਾਂ ਵਿਸ਼ਵਾਸ ਪੈਦਾ ਕੀਤਾ ਹੈ। ਇਸਦੇ ਨਾਲ ਹੀ ਅੱਜ ਦੀ ਅਖਬਾਰ ਵਿਚ ਮੈਂ ਉਸ ਰੈਲੀ ਬਾਰੇ ਵੀ ਗੁਰਮੀਤ ਸਿੰਘ ਦੀ ਲਿਖੀ ਰੀਪੋਰਟ ਪੜ੍ਹੀ ਹੈ ਜੋ ਕੋਟ ਕਪੂਰਾ ਦੀ ਰੈਲੀ ਬਾਰੇ ਹੈ ਜੋ 18 ਮਾਰਚ ਨੂੰ ਸ਼ਹੀਦ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਦੀ ਯਾਦ ਵਿਚ ਜਬਰ ਅਤੇ ਫਿਰਕਾ-ਪ੍ਰਸਤੀ ਵਿਰੋਧੀ ਫਰੰਟ ਅਤੇ ਟੈਕਨੀਕਲ ਸਰਵਿਸਜ਼ ਯੂਨੀਅਨ ਵਲੋਂ ਸਾਂਝੇ ਤੌਰ ਤੇ ਕੀਤਾ ਗਿਆ। ਇਸ ਸਮਾ-ਗਮ ਵਿਚ ਅਬੋਹਰ ਤੋਂ ਲੈ ਕੇ ਜਗਰਾਉਂ ਤਕ ਫਰੰਟ ਦੀਆਂ 11 ਇਕਾਈਆਂ, ਪੰਜਾਬ ਸਟੂਡੈਂਟ ਯੂਨੀਅਨ, ਗੱਲਾ ਮਜ਼ਦੂਰ ਯੂਨੀਅਨ ਦੇ ਵਰਕਰਾਂ ਨੇ ਹਿੱਸਾ ਲਿਆ। ਕੋਟ ਕਪੂਰੇ 'ਚ ਹਜ਼ਾਰਾਂ ਕਾਮਿਆਂ ਦੇ ਇਸ ਸੂਹੇ ਸਮਾਗਮ ਬਾਰੇ ਪੜ੍ਹਕੇ ਵੀ ਉਤਸ਼ਾਹ ਵਧਿਆ ਹੈ। 22, 23, 24 ਮਾਰਚ ਨੂੰ ਵੀ ਇਨਕਲਾਬੀ ਏਕਤਾ ਕੇਂਦਰ ਵਲੋਂ ਜਬਰ ਅਤੇ ਫਿਰਕਾਪ੍ਰਸਤੀ ਫਰੰਟ ਵਲੋਂ ਅਤੇ ਹੋਰ ਜਥੇਬੰਦੀਆਂ ਵਲੋਂ ਲਾਲ ਝੰਡੇ ਦੀ ਸਰਦਾਰੀ ਵਿਚ ਵਡੇ ਸਮਾਗਮ ਹੋ ਰਹੇ ਹਨ। 25-28 ਮਾਰਚ ਜ਼ਿਲਾ ਪਟਿਆਲਾ ਵਿਚ ਇਹ ਸਮਾਗਮ ਹੋ ਰਹੇ ਹਨ। ਜੇਕਰ ਸਾਰੀਆਂ ਰੀਪੋਰਟਾਂ ਇਕ ਥਾਂ ਇਕੱਠੇ ਕਰੀਏ ਤਾਂ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਇਨਕਲਾਬੀ ਸਿਆਸਤ ਦਾ ਪੰਜਾਬ ਵਿਚ ਵਡਾ ਆਧਾਰ ਹੈ ਅਤੇ ਇਕੱਠੇ ਹੋ ਕੇ ਅਸੀਂ ਫਿਰਕੂ ਅਤੇ ਸਰਮਾਏਦਾਰੀ ਦੀ ਲੋਟੂ ਸਿਆਸਤ ਨੂੰ ਵੱਡੀ ਚੁਣੌਤੀ ਦੇ ਸਕਦੇ ਹਾਂ। ੦

**੦ ਆਖ਼ਰ ਗਿਆਨੀ ਜੀ ਬੋਲ ਪਏ:** ਅੱਜ ਕੱਲ ਅਖ਼ਬਾਰਾਂ ਵਿਚ ਉਸ ਚਿੱਠੀ ਦਾ ਬੜਾ ਚਰਚਾ ਹੈ ਜੋ, ਗਿਆਨੀ ਜ਼ੈਲ ਸਿੰਘ ਜੀ ਨੇ ਪ੍ਰਧਾਨ ਮੰਤਰੀ ਨੂੰ ਲਿਖੀ। ਇਸ ਚਰਚਾ ਵਿਚ ਗਿਆਨੀ ਜੀ ਮਨੁੱਖੀ ਹੱਕਾਂ ਦੇ ਚੈਂਪੀ-ਅਨ ਹੋ ਕੇ ਉਭਰ ਰਹੇ ਹਨ। ਜੇਕਰ ਪੁਛਿਆ ਜਾਏ ਕਿ

ਇਹ ਕੀ ਮਾਮਲਾ ਹੈ ਤਾਂ ਇਸਦਾ ਸਿਧਾ ਅਤੇ ਸਪਸ਼ਟ ਜਵਾਬ ਇਹ ਹੋਵੇਗਾ ਕਿ ਭਾਰਤ ਦਾ ਸਭ ਤੋਂ ਉੱਚਤਮ ਸ਼ਹਿਰੀ ਹੁਣ ਅਪਣੀ ਝਾੜੂ ਬਰਦਾਰ ਸ਼ਵੀ ਨੂੰ ਸਹੀ ਕਰਨ ਦੇ ਯਤਨ ਵਿਚ ਹੈ। ਹੁਣ ਕਿਉਂਕਿ ਉਹਦੀ ਪ੍ਰਧਾਨਗੀ ਦੀ ਮਿਯਾਦ ਮੁੱਕਣ ਵਾਲੀ ਹੈ ਤਾਂ ਉਹਨੇ ਇਹ ਪੈਂਤੜੇ-ਬਾਜ਼ੀ ਸ਼ੁਰੂ ਕੀਤੀ ਹੈ। ਰਾਜੀਵ ਨੂੰ ਸਹੀ ਨਾ ਠਹਿਰਾਉਂਦੇ ਹੋਏ ਵੀ ਅਸੀਂ ਗਿਆਨੀ ਜੀ ਬਾਰੇ ਕੋਈ ਚੰਗੀ ਰਾਏ ਨਹੀਂ ਰਖ ਸਕਦੇ। ਜੇ ਗਿਆਨੀ ਜੀ ਨੂੰ ਜ਼ਰਾ ਜਿੰਨਾਂ ਵੀ ਮਨੁੱਖੀ ਹੱਕਾਂ ਬਾਰੇ ਫ਼ਿਕਰ ਹੁੰਦਾ ਤਾਂ ਪਿਛਲੇ ਚਾਰ ਸਾਲਾਂ ਵਿਚ ਕਈ ਐਸੇ ਮੌਕੇ ਆਏ ਸਨ ਜਦੋਂ ਇਹਨਾਂ ਨੂੰ ਬੋਲਣਾ ਚਾਹੀਦਾ ਸੀ। ਦਰਬਾਰ ਸਾਹਿਬ ਦੇ ਹਮਲੇ ਵੇਲੇ ਇਹਨਾਂ ਦੀ ਚੁੱਪ ਸਾਜ਼ਸ਼ੀ ਸੀ। ਹੁਣ ਵੀ ਚੰਗਾ ਹੈ ਕਿ ਚੁੱਪ ਵੱਟਕੇ ਅਪਣੇ ਥੋੜੇ ਦਿਨ ਕੱਟ ਲੈਣ ਤੇ ਇਤਿਹਾਸ ਵਿਚ ਉਹਨਾਂ ਨੂੰ **'ਇਕ ਨਿਕੰਮੀ ਜਿਹੀ ਸਰਕਾਰ ਦਾ ਨਿਕੰਮਾ ਜਿਹਾ ਪ੍ਰਧਾਨ'** ਦੀ ਪੱਦਵੀ ਜੋ ਮਿਲ ਚੁੱਕੀ ਹੈ, ਉਹਨੂੰ ਸਾਂਭੀ ਰੱਖਣ। ਅੱਜ ਲੋਕਾਂ ਨੇ ਜੇਕਰ ਗਿਆਨੀ ਜੀ ਬਾਰੇ ਅਪਣੀ ਰਾਏ ਬਦਲ ਲਈ ਤਾਂ ਫੇਰ ਇਸ ਸਚਾਈ ਦੀ ਤਸਦੀਕ ਹੋ ਜਾਏਗੀ ਕਿ ਚਾਲਾਕ ਸਿਆਸਤਦਾਨ ਜਦੋਂ ਮਰਜ਼ੀ ਆਵੇ ਲੋਕਾਂ ਨਾਲ ਢੰਭ ਕਰ ਸਕਦਾ ਹੈ। ਹੈ। ਪਾਰਲੀਮੈਂਟ ਦੇ ਮੈਂਬਰ ਜੋ ਇਸ ਵਾਦਵਿਵਾਦ ਨੂੰ ਲੈ ਕੇ ਵਾਕ ਆਊਟ ਕਰ ਰਹੇ ਹਨ, ਉਹਨਾਂ ਲਈ ਚੰਗਾ ਹੋਵੇਗਾ ਕਿ ਕਿਸੇ ਜ਼ਰੂਰੀ ਮਾਮਲੇ ਨੂੰ ਲੈ ਕੇ ਅਪਣੀ ਸ਼ਕਤੀ ਲਗਾਉਣ, ਦੇਸ਼ ਦੀਆਂ ਸੜਕਾਂ ਤੇ ਲੱਖਾਂ ਬੇਰੁਜ਼-ਨੌਜਵਾਨਾਂ ਲਈ ਉਹਨਾਂ ਨੂੰ ਵੱਧ ਫਿਕਰਮੰਦ ਹੋਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਜੇ ਬਦੇਸ਼ਾਂ ਵਿਚ ਜਾਣ ਤੋਂ ਪਹਿਲਾਂ ਰਾਸ਼ਟਰਪਤੀ ਭਵਨ ਨਹੀਂ ਆਇਆ ਤਾਂ ਇਹ ਕੋਈ ਵਡੀ ਗੱਲ ਨਹੀਂ। ਭਾਰਤ ਦੇ 70 ਕ੍ਰੋੜ ਵਿਚੋਂ ਇਕ ਵੀ ਬੰਦੇ ਦੀ ਤਕਦੀਰ ਇਸ ਮੱਸਲੇ ਨਾਲ ਨਹੀਂ ਜੁੜੀ ਹੋਈ। o

### o ਸਰਕਾਰੀ ਸਨਮਾਨ ਬਾਰੇ

ਇਸ ਬਾਰੇ ਮੈਨੂੰ ਬਹੁਤ ਸਾਰੀਆਂ ਚਿਠੀਆਂ ਮਿਲੀਆਂ ਹਨ ਜਿਨ੍ਹਾਂ ਵਿਚ ਇਹ ਵਿਚਾਰ ਦਸਿਆ ਗਿਆ ਹੈ ਕਿ ਇਕ ਲੋਕ ਪੱਖੀ ਕਲਾਕਾਰ ਹੋਣ ਦੀ ਹੈਸੀਅਤ ਵਿਚ ਮੈਨੂੰ ਕੋਈ ਸਰਕਾਰੀ ਸਨਮਾਨ ਨਹੀਂ ਲੈਣਾ ਚਾਹੀਦਾ ਸੀ। ਇਹ ਸਨਮਾਨ ਮੈਂ ਹਾਲੇ ਲਿਆ ਨਹੀਂ। ਮੈਨੂੰ ਇਸ ਬਾਰੇ ਪਹਿਲੀ ਜਾਣਕਾਰੀ 26 ਫਰਵਰੀ ਟੈਲੀਵੀਯਨ 'ਵਿਚ ਖਬਰਾਂ ਸੁਣਦਿਆਂ ਹੀ ਮਿਲੀ ਸੀ ਤੇ ਉਸ ਤੋਂ ਬਾਅਦ ਹਾਲੇ ਕੋਈ ਕਾਰਵਾਈ ਨਹੀਂ। ਇਹ ਸਨਮਾਨ ਮੈਨੂੰ ਲੈਣਾ ਚਾਹੀਦਾ ਹੈ ਜਾਂ ਨਹੀਂ, ਇਹ ਦਾ ਫੈਸਲਾ ਮੈਂ ਹਾਲੀ ਨਹੀਂ ਕੀਤਾ। ਮੈਂ ਆਪਣੇ ਸਾਥੀਆਂ ਨਾਲ ਇਸ ਬਾਰੇ ਵਿਚਾਰ ਜ਼ਰੂਰ ਕਰਨਾ ਚਾਹਵਾਂਗਾ।

ਇਹਨਾਂ ਸਨਮਾਨਾਂ ਬਾਰੇ ਮੇਰੀ ਇਕ ਧਾਰਨਾ ਹੈ ਜੋ ਅੱਜ ਤੋਂ ਨਹੀਂ ਪਿਛਲੇ 30 ਸਾਲਾਂ ਤੋਂ ਹੈ। ਉਹ ਧਾਰਨਾ ਇਹ ਹੈ ਕਿ ਅੱਜ ਦੀ ਸਟੇਟ ਲੋਕਾਂ ਵਲੋਂ ਦਿਤੇ ਗਏ ਟੈਕਸਾਂ ਤੇ ਚਲਦੀ ਹੈ। ਬਜਟ ਵਿਚ ਜਿਸ ਤਰ੍ਹਾਂ ਵਿਦਿਆ ਲਈ, ਸੇਹਤ ਲਈ, ਲੋਕ ਨਿਰਮਾਣ ਲਈ, ਟਰਾਂਸਪੋਰਟ ਆਦਿਕ ਲਈ ਰਕਮ ਅਲਾਟ ਹੁੰਦੀ ਹੈ, ਇਸੇ ਤਰ੍ਹਾਂ ਸਭਿਆਚਾਰਕ ਮਾਮਲਿਆਂ ਲਈ ਵੀ ਰਕਮ ਹੁੰਦੀ ਹੈ, ਜਿਸਦੇ ਨਾਲ ਸਾਹਿਤ ਅਕੈਡਮੀਆਂ ਭਾਸ਼ਾ ਵਿਭਾਗ, ਅਕੈਡਮੀਆਂ ਅਤੇ ਯੂਨੀਵਰਸਿਟੀ ਦੇ ਕੁਝ ਵਿਭਾਗ ਚਲਦੇ ਹਨ। ਸਾਡੇ ਵਲੋਂ ਸਰਕਾਰ ਦੀ ਨੁਕਤਾਚੀਨੀ ਅਤੇ ਸਰਕਾਰ ਦੇ ਵਿਰੁੱਧ ਸੰਘਰਸ਼ ਦਾ ਇਕ ਪੈਂਤੜਾ ਹੁੰਦਾ ਹੈ ਕਿ ਇਹ ਰਕਮ ਵਧ ਤੋਂ ਵਧ ਬਹੁਤੀ ਵਾਰ ਲੋਕ ਭਲਾਈ ਲਈ ਵਰਤੀ ਜਾਏ। ਇਹ ਜਾਣਦੇ ਹੋਏ ਕਿ ਵਾਸਤਵ ਵਿਚ ਇਸ ਤਰ੍ਹਾਂ ਨਹੀਂ ਹੁੰਦਾ, ਅਸੀਂ ਹਰ ਮੌਕੇ ਤੇ ਆਪਣਾ ਇਹ ਸੰਘਰਸ਼ ਜਾਰੀ ਰਖਦੇ ਹਾਂ। ਇਸ ਸੰਘਰਸ਼ ਵਿਚ ਅਸੀਂ ਕੋਈ ਰਿਆਤ ਨਹੀਂ ਮੰਗ ਰਹੇ ਹੁੰਦੇ, ਸਗੋਂ ਹੱਕ ਮੰਗ ਰਹੇ ਹੁੰਦੇ ਹਾਂ। ਸੋ ਸੰਘਰਸ਼ ਕਰਦੇ ਹੋਏ ਵੀ ਜੇਕਰ ਸਰਕਾਰੀ ਹਸਪਤਾਲਾਂ ਵਿਚੋਂ ਦਵਾਈਆਂ ਲੈਂਦੇ ਹਾਂ, ਇਲਾਜ ਕਰਵਾਂਦੇ ਹਾਂ, ਸਰਕਾਰੀ ਸਕੂਲਾਂ ਵਿਚ ਪੜ੍ਹਾਉਂਦੇ ਹਾਂ, ਸਰਕਾਰੀ ਬੱਸਾਂ ਤੇ ਚੜ੍ਹਦੇ ਹਾਂ, ਜਾਂ ਸਰਕਾਰ ਦੀਆਂ ਕੁਝ ਸਹੂਲਤਾਂ ਨੂੰ ਵਰਤਦੇ ਹਾਂ, ਯੂਨੀਵਰਸਿਟੀਆਂ ਵਿਚ ਵਜ਼ੀਫੇ ਲੈਂਦੇ ਹਾਂ ਤਾਂ ਇਹਦਾ ਇਹ ਮਤਲਬ ਨਹੀਂ ਕਿ ਅਸੀਂ ਆਪਣੇ ਸੰਘਰਸ਼ਾਂ ਦਾ ਮੁੱਲ ਵੱਟਦੇ ਹਾਂ। ਅਸੀਂ ਦੋਸ਼ੀ ਤਾਂ ਹੁੰਦੇ ਹਾਂ ਕਿ ਅਸੀਂ ਕੁਝ ਲਾਲਚ ਦੇ ਬਦਲੇ ਆਪਣੇ ਸੰਘਰਸ਼ ਨੂੰ ਤਿਲਾਂਜਲੀ ਦੇਂਦੇ ਹਾਂ। ਮੈਂ ਵਡੀ ਨੌਕਰੀ ਕੀਤੀ ਹੈ। ਸਾਇੰਸ ਦੇ ਖੇਤ੍ਰ ਵਿਚ ਨੈਸ਼ਨਲ ਤੇ ਇੰਟਰ ਨੈਸ਼ਨਲ ਅਵਾਰਡ ਜਿਤੇ ਹਨ। ਇਹਦੇ ਇਹ ਮਤਲਬ ਨਹੀਂ ਕਿ ਮੈਂ ਹਾਕਮਾਂ ਅਗੇ ਆਪਣੀ ਸਾਇੰਸ ਨੂੰ ਵੇਚਿਆ ਹੈ। ਮੈਂ ਆਪਣਾ ਹੱਕ ਜਿੱਤਦਾ ਰਿਹਾ ਹਾਂ। ਨਾਟਕ ਖੇਤ੍ਰ ਵਿਚ ਵੀ ਜੇਕਰ ਮੈਨੂੰ ਕੋਈ ਅਵਾਰਡ ਮਿਲਦਾ ਹੈ ਤਾਂ ਇਹ ਮੇਰੀ ਤੇ ਲੋਕ ਪੱਖੀ ਕਲਾ ਦੀ ਜਿਤ ਹੈ। ਇਹ ਜਿਤ ਨਮੋਸ਼ੀ ਦਾ ਕਾਰਨ ਤਾਂ ਬਣਦੀ ਹੈ ਕਿ ਇਸਨੂੰ ਹਾਂਸਿਲ ਕਰਨ ਲਈ ਮੈਂ ਆਪਣੀ ਕਲਾ ਨਾਦ ਕੋਈ ਸਮਝੌਤਾ ਕੀਤਾ ਹੋਵੇ। ਇਹ ਸਟੇਟ ਕੋਈ ਰਾਜਿਆਂ ਮਹਾਂਰਾਜਿਆਂ ਦੀ ਸਟੇਟ ਨਹੀਂ ਕਿ ਉਨ੍ਹਾਂ ਦੇ ਕਸੀਦੇ ਗਾਉਣ ਕਰਕੇ ਵਜ਼ੀਫੇ ਮਿਲਦੇ ਹਨ, ਕਈ ਵਾਰੀ ਸਰਕਾਰ ਨੂੰ ਲੋਕਾਂ ਅਗੇ ਸੱਚੇ ਹੋਣ ਲਈ ਜੇਕਰ ਸਾਡੀ ਕਲਾ ਦੀ ਹੋਂਦ ਨੂੰ ਸਵੀਕਾਰ ਪੈਂਦੀ ਹੈ ਤਾਂ ਇਹ ਸਾਡੀ ਕਲਾ ਦੀ ਜਿਤ ਹੈ। ਇਸ ਨੂੰ ਇਸ ਤਰ੍ਹਾਂ ਕਿਉਂ

ਲਿਆ ਜਾਏ ਕਿ ਸਰਕਾਰ ਸਾਨੂੰ ਖ੍ਰੀਦ ਰਹੀ ਹੈ। ਜੇ ਅਸੀਂ ਖਰੀਦੇ ਹੀ ਜਾਣਾ ਸੀ ਤਾਂ ਸਾਡੀ ਕੀ ਮਜਬੂਰੀ ਸੀ ਕਿ ਅਸੀਂ ਇਸ ਲਹਿਰ ਵਿਚ ਆਂਦੇ। ਕੀ ਇਸ ਲਹਿਰ ਦੇ ਬੰਦੇ ਆਪਣੇ ਆਪ ਨੂੰ ਜਾਂ ਲਹਿਰ ਦੇ ਹੋਰਨਾਂ ਬੰਦਿਆਂ ਨੂੰ ਏਨਾ ਹਲਕਾ ਸਮਝਦੇ ਹਨ ਕਿ ਕੋਈ ਵੀ ਸਰਕਾਰ ਜਦੋਂ ਮਰਜ਼ੀ ਚਾਹ੍ਹੇ ਉਹਨਾਂ ਨੂੰ ਖਰੀਦ ਸਕਦੀ ਹੈ ? ਪ੍ਰਿੰਸੀਪਲ ਸੁਜਾਨ ਸਿੰਘ ਜੀ ਨੂੰ 11,000/-ਦਾ ਸਾਹਿਤ ਅਕੈਡਮੀ ਦਾ ਅਵਾਰਡ ਮਿਲਿਆ ਹੈ। ਕੀ ਅਸੀਂ ਇਹ ਕਹੀਏ ਕਿ ਉਹਨਾਂ ਨੂੰ ਸਰਕਾਰ ਨੇ ਖਰੀਦ ਲਿਆ ਹੈ ?

ਕਿਸੇ ਲਹਿਰ ਵਿਚ ਆ ਜਾਈਏ ਤਾਂ ਨਿੱਜ ਦੀ ਗੱਲ ਨਹੀਂ ਰਹਿੰਦੀ ਪਰ ਮਿਲਣ ਵਾਲੀਆਂ ਚਿੱਠੀਆਂ ਦੀ ਰੌਸ਼ਨੀ ਵਿਚ ਇਥੇ ਕੁਝ ਸਪਸ਼ਟ ਕਰਨਾ ਜ਼ਰੂਰੀ ਸਮਝਦਾ ਹਾਂ। ਮੇਰੀ ਸਾਰੀ ਜ਼ਿੰਦਗੀ ਅਤੇ ਵਿਸ਼ੇਸ਼ ਕਰਕੇ ਪਿਛਲੇ 30 ਸਾਲਾਂ ਦੀ ਜ਼ਿੰਦਗੀ ਇਕ ਖੁਲ੍ਹੀ ਕਿਤਾਬ ਵਾਂਗੂ ਹੈ। ਮੈਂ ਜਦੋਂ ਸਰਕਾਰੀ ਨੌਕਰੀ ਵੀ ਕਰਦਾ ਸਾਂ ਤਾਂ ਉਸ ਨੌਕਰੀ ਲਈ ਲੈ ਰਹੀ ਤਨਖਾਹ ਨੂੰ ਆਪਣੀ ਲਿਆਕਤ ਕਰਕੇ ਹੱਕ ਸਮਝਦਾ ਸਾਂ, ਕਿਸੇ ਸਰਕਾਰ ਦੀ ਨਿਵਾਜ਼ਸ਼ ਨਹੀਂ ਸਮਝਦਾ ਸਾਂ। ਮੈਂ ਜਦੋਂ ਮਹਿਸੂਸ ਕੀਤਾ ਕਿ ਮੈਂ ਸਮਾਜਕ ਖੇਤਰ ਵਿਚ ਬਿਨਾਂ ਕਿਸੇ ਤੇ ਭਾਰ ਬਣੇ ਬਹੁਤਾ ਲਾਭਦਾਇਕ ਕੰਮ ਕਰ ਸਕਦਾ ਹਾਂ ਤਾਂ ਮੈਂ ਇਹ ਨੌਕਰੀ ਛੱਡ ਦਿਤੀ ਕਿਉਂਕਿ ਜਾਣਦਾ ਸਾਂ ਕਿ ਮੇਰੀ ਪੈਨਸ਼ਨ ਮੇਰੇ ਨਿਜੀ ਘਰ ਪ੍ਰਵਾਰ ਦਾ ਖਰਚ ਚਲਾਉਣ ਲਈ ਕਾਫ਼ੀ ਹੈ। ਮੇਰੇ ਉਤੇ ਕੋਈ ਹੋਰ ਪਰਵਾਰਕ ਜ਼ਿਮੇਂਵਾਰੀ ਨਹੀਂ। ਮੇਰੀਆਂ ਧੀਆਂ ਦਾ ਪਹਿਲੇ ਹੀ ਫੈਸਲਾ ਸੀ ਕਿ ਉਹ ਆਪਣੇ ਪੈਰਾਂ ਤੇ ਖਲੋਣਗੀਆਂ। ਸੁਖਦੇਵ ਰਾਹੀ ਹੋਰਾਂ ਨੇ ਚਿੱਠੀ ਵਿਚ ਲਿਖਿਆ ਹੈ ਕਿ ਜੇਕਰ ਮੈਨੂੰ ਕੋਈ ਲੋੜ ਹੈ ਤਾਂ ਸਾਥੀ ਹਜ਼ਾਰਾਂ ਲੱਖਾਂ ਦੇ ਸਕਦੇ ਹਨ। ਮੈਂ ਉਹਨਾਂ ਨੂੰ ਇਹੀ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਆਪਣੀ ਕਿਸੇ ਵੀ ਨਿਜੀ ਜ਼ਰੂਰਤ ਨੂੰ ਪੂਰਾ ਕਰਨ ਲਈ ਕੁਝ ਵੀ ਨਹੀਂ ਚਾਹੀਦਾ।

ਮੈਂ ਆਪਣੇ ਜ਼ਿਮੇਂ ਬਹੁਤ ਸਾਰੇ ਕੰਮ ਲਏ ਹੋਏ ਹਨ ਭਾਵੇਂ ਉਹ ਪ੍ਰਕਾਸ਼ਨ ਦਾ ਅਦਾਰਾ ਹੈ। ਪੁਲਸ ਮੰਚ ਤੇ ਜਨਸੰਸਕ੍ਰਿਤੀ ਦੇ ਅਦਾਰੇ ਹਨ, ਭਾਵੇਂ ਇਨਕਲਾਬੀ ਏਕਤਾ ਕੇਂਦਰ ਦੇ ਹਨ। ਮੈਂ ਇਹਨਾਂ ਸਮਾਜਕ ਅਦਾ-ਰਿਆਂ ਲਈ ਰੀਜ਼ਰਵ ਫੰਡ ਬਚਾਂਦਾ ਰਹਿੰਦਾ ਹਾਂ, ਕੈਨੇਡਾ ਫੇਰੀ ਵੇਲੇ ਵੀ ਵਡੀ ਰਕਮ ਬਚਾਈ ਸੀ। ਥੈਲੇ ਚੁੱਕ ਕੇ ਪਿੰਡ ਪਿੰਡ ਨਾਟਕ ਕਰਨ ਵੇਲੇ ਵੀ ਥੋੜੀ ਥੋੜੀ ਰਕਮ ਬਚਾਈਦੀ ਹੈ ਤਾਂ ਜੋ ਲੋੜ ਵੇਲੇ ਕੰਮ ਆ ਸਕੇ। ਲੋੜ ਹਮੇਸ਼ਾ ਰਹਿੰਦੀ ਹੈ। ਇਨਕਲਾਬੀ ਏਕਤਾ ਕੇਂਦਰ ਦਾ ਕਾਫਲਾ ਜਿਹੜਾ ਚਲ ਰਿਹਾ ਹੈ, ਜੇ ਫੰਡ ਦੀ ਹੋਰ ਸਹੂਲਤ ਹੁੰਦੀ ਤ੍ਹਾਂ ਇਕ ਫੋਰ ਵੀਲਰ ਲਿਆ ਜਾ ਸਕਦਾ ਸੀ ਤੇ ਸਰਗਰਮੀ ਹੋਰ ਵੀ ਵਧਾਈ ਜਾ ਸਕਦੀ ਸੀ। ਆਪਣੇ ਲੋਕਾਂ ਤੇ ਪੂਰਾ ਵਿਸ਼ਵਾਸ ਹੈ। ਪਰ ਇਹ ਗਲ ਭੁਲਣੀ ਨਹੀਂ ਚਾਹੀਦੀ ਕੀ ਅਸੀਂ ਗਰੀਬ ਲੋਕ ਹਾਂ। ਸਾਡੇ ਕੋਲ ਸਾਧਨਾਂ ਦੀ ਹਮੇਸ਼ਾਂ ਕਮੀ ਰਹਿੰਦੀ ਹੈ। ਇਹ ਫੰਡ ਜਮ੍ਹਾਂ ਕਰਨ ਲਈ ਅਸੀਂ ਕੋਈ ਸਮਝੌਤਾ ਨਹੀਂ ਕਰਨਾ ਪਰ ਫੰਡਾਂ ਦੀ ਗੱਲ ਅਖੋਂ ਪਰੋਖੇ ਵੀ ਨਹੀਂ ਕੀਤੀ ਜਾ ਸਕਦੀ। ਜੇ ਕੋਈ 10,000 ਦੀ ਆਵੇਗੀ ਤਾਂ ਉਹ ਵੀ ਇਸੇ ਰੀਜ਼ਰਵ ਫੰਡ ਵਿਚ ਹੀ ਜਾਣੀ ਹੈ। ਮੈਂ ਇਸ ਨੂੰ ਸਰਕਾਰੀ ਖਜ਼ਾਨੇ ਵਿਚ ਵਾਪਸ ਜਮ੍ਹਾਂ ਕਰਵਾਉਣ ਵਿਚ ਕੋਈ ਸਿਆਣਪ ਨਹੀਂ ਸਮਝਦਾ। ਇਹ ਆਪਣਾ ਹੱਕ ਛੱਡਣ ਵਾਲੀ ਗੱਲ ਹੋਵੇਗੀ, ਸਰਕਾਰ ਦੀ ਸੇਹਤ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਣਾ। ਪਰ ਇਹ ਮੇਰੀ ਸਭ ਕੁਝ ਨਿੱਜੀ ਰਾਏ ਹੈ, ਇਹਨਾਂ ਚਿਠੀਆਂ ਦੀ ਰੋਸ਼ਨੀ ਵਿਚ ਜਥੇਬੰਦੀ ਦੇ ਸਾਥੀਆਂ ਦਾ ਫੈਸਲਾ ਮੈਂ ਸਵੀਕਾਰ ਕਰਾਂਗਾ। ਆਪਣਾ ਪੱਖ ਇਸ ਲਈ ਪੇਸ਼ ਕਰ ਰਿਹਾ ਹਾਂ ਕਿ ਇਸ ਗੱਲ ਦਾ ਨਿਰਨਾ ਹੋ ਸਕੇ ਕਿ ਇਹ ਸਨਮਾਨ ਇਨਾਮ ਹੈ ਜਾਂ ਹੱਕ ? ਮੇਰੇ ਸਾਥੀਆਂ ਨੂੰ ਇਹ ਯਕੀਨ ਹੋਣਾ ਚਾਹੀਦਾ ਹੈ ਕਿ ਇਕ ਲੋਕ ਪੱਖੀ ਕਲਾਕਾਰ ਨੂੰ ਕੋਈ ਸਰਕਾਰ ਨਹੀਂ ਖਰੀਦ ਸਕਦੀ ਅਤੇ ਜੇ ਉਹ ਖਰੀਦਿਆ ਜਾਂਦਾ ਹੈ ਤਾਂ ਉਹ ਲੋਕਾਂ ਦਾ ਕਲਾਕਾਰ ਨਹੀਂ ਤੇ ਫੇਰ ਉਹਦੇ ਬਾਰੇ ਫਿਕਰ ਕਰਨ ਦੀ ਲੋੜ ਵੀ ਨਹੀਂ। ਮੇਰੇ ਸਾਥੀਆਂ ਨੇ ਇਸ ਬਾਰੇ ਫਿਕਰ ਜ਼ਾਹਰ ਕੀਤਾ ਹੈ, ਮੈਂ ਉਹਨਾਂ ਦੇ ਇਸ ਯਕੀਨ ਦਾ ਰਿਣੀ ਹਾਂ। ਸਨਮਾਨ ਦੀ ਸੂਚਨਾ ਆਉਣ ਤੇ ਫੈਸਲਾ ਹੁਣ ਸਾਥੀਆਂ ਨੇ ਹੀ ਕਰਨਾ ਹੈ।

## ਪੰਜਾਬ ਦੇ ਹਾਲਾਤ ਬਾਰੇ ਮੂੰਹੋਂ ਬੋਲਦੀ ਇਕ ਰਿਪੋਰਟ

ਖਾਲਿਸਤਾਨੀ, ਫਿਰਕੂ ਜਨੂੰਨੀ ਟੋਲੇ ਆਏ ਦਿਨ ਸਟੈਨਾਂ, ਬੰਦੂਕਾਂ ਨਾਲ ਲੈਸ ਹੋ ਕਿਸੇ ਨਾ ਕਿਸੇ ਇਨਸਾਨ ਤੇ ਝਪਟਦੇ ਹਨ ਤੇ ਫਿਰ ਬੜੇ ਆਰਾਮ ਨਾਲ ਨਿਕਲ ਜਾਂਦੇ ਹਨ। ਸਰਕਾਰੀ ਸੁਰਖਿਆ ਮਸ਼ੀਨਰੀ ਹਰ ਵਾਰ ਖਾਮੋਸ਼ ਹੋ ਕੇ ਰਹਿ ਜਾਂਦੀ। ਮੌਤ ਦਾ ਇਹ ਤਾਂਡਵ ਨਾਚ ਲਗਾਤਾਰ ਜਾਰੀ ਹੈ।

ਹੋਰਨਾਂ ਲੋਕਾਂ ਦੇ ਨਾਲ ਨਾਲ ਜੁਡੀਸ਼ਰੀ ਦੇ ਜੱਜ ਵੀ ਇਨ੍ਹਾਂ ਹਮਲਿਆਂ ਦੀ ਮਾਰ ਹੇਠ ਆਏ ਹੋਏ ਹਨ। ਜਲੰਧਰ ਦੇ ਐਡੀਸ਼ਨਲ ਸੈਸ਼ਨ ਜੱਜ ਸ੍ਰੀ ਗੋਂਦ, ਲੁਧਿਆਣੇ ਦੇ ਸੈਸ਼ਨ ਜੱਜ ਸ੍ਰੀ ਆਨੰਦ ਉਪਰ ਕਚਹਿਰੀਆਂ

ਦੇ ਅਹਾਤਿਆਂ ਤੋਂ ਬਾਹਰ ਹਮਲਿਆਂ ਤੋਂ ਬਾਦ, ਮੋਗੇ ਦੇ ਜੁਡੀਸ਼ਲ ਮੈਜਿਸਟਰੇਟ/ਸਬ ਜੱਜ ਸ੍ਰੀ ਐਚ. ਆਰ ਕੌਸ਼ਿਕ ਨੂੰ ਖੱਚਾ ਖੱਚ ਭਰੀਆਂ ਕਚਹਿਰੀਆਂ ਅੰਦਰ, ਅਦਾਲਤ ਵਿਚ ਕੰਮ ਕਰਦਿਆਂ ਹੀ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ। ਸ੍ਰੀ ਕੌਸ਼ਿਕ ਬਜ਼ਾਰ 'ਚ ਲਏ ਆਪਣੇ ਕਿਰਾਏ ਦੇ ਮਕਾਨ ਵਿਚੋਂ ਰੋਜ਼ਾਨਾ ਸੁਭਾ ਸ਼ਾਮ ਕਚਹਿਰੀ ਪੈਦਲ ਆਉਂਦੇ ਜਾਂਦੇ ਸਨ। ਪਰ ਇਨ੍ਹਾਂ ਨੂੰ ਅਦਾਲਤ ਵਿਚ ਹੀ ਗੋਲੀਆਂ ਮਾਰਨ ਦੀ ਘਟਨਾ ਜਿਥੇ ਇਨ੍ਹਾਂ ਖੂੰਖਾਰ ਟੋਲਿਆਂ ਵਲੋਂ ਵੱਧ ਤੋਂ ਵੱਧ ਲੋਕਾਂ ਨੂੰ ਭੈਭੀਤ ਕਰ ਲਾਦੂ ਕੱਢਣ ਦੇ ਉਨ੍ਹਾਂ ਦੇ ਚੰਦਰੇ ਮਨ-ਸੂਬਿਆਂ ਦੀ ਸੂਚਕ ਹੈ, ਉਥੇ ਆਮ ਲੋਕਾਂ ਲਈ ਇਕ ਸੁਆਲੀਆ ਚਿੰਨ੍ਹ ਖੜਾ ਕਰਦੀ ਹੈ ਕਿ ਆਖਰ ਉਹ ਆਪਣੀ ਸੁਰੱਖਿਆ ਦੀ ਮੰਗ ਕੀਹਤੋਂ ਕਰਨ ?

ਭਾਵੇਂ ਹਰ ਸਾਧਾਰਣ ਤੋਂ ਸਾਧਾਰਣ ਨਾਗਰਿਕ ਦੀ ਸੁਰੱਖਿਆ ਕਰਨਾ, ਸਰਕਾਰ ਦਾ ਇਨ੍ਹਾਂ, ਨਾਗਰਿਕਾਂ ਸਿਰ ਕੋਈ ਅਹਿਸਾਨ ਨਹੀਂ, ਸਗੋਂ ਸੰਵਿਧਾਨਕ ਫ਼ਰਜ਼ ਹੈ, ਫਿਰ ਵੀ ਮੋਗੇ ਦੀਆਂ ਕਚਹਿਰੀਆਂ 'ਚ ਕਤਲ ਹੋਣ ਵਾਲਾ ਤਾਂ ਉਨ੍ਹਾਂ ਸਾਧਾਰਣ ਨਾਗਰਿਕਾਂ 'ਚੋਂ ਨਹੀਂ ਸੀ, ਜਿਨ੍ਹਾਂ ਬਾਰੇ ਸਰਕਾਰ ਇਹ ਕਹਿਕੇ ਸਾਰ ਲਵੇ ਕਿ ਸਰਕਾਰ ਹਰ ਨੱਥੂ ਖੈਰੇ ਦੀ ਰਾਖੀ ਕਿਵੇਂ ਕਰ ਸਕਦੀ ਹੈ। ਉਹ ਤਾਂ ਇਸ ਹਕੂਮਤ ਦਾ ਇਕ ਜੁਡੀਸ਼ਲ ਅਫ਼ਸਰ ਸੀ। ਕਿੰਨੇ ਹੀ ਧਮਕੀ ਪੱਤਰ ਉਸ ਨੂੰ ਆ ਚੁੱਕੇ ਸਨ। ਸੁਰੱਖਿਆ ਦੀ ਮੰਗ ਕਰਨ ਦੇ ਬਾਵਜੂਦ ਉਸ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਘਰ ਦੀ ਗੱਲ ਤਾਂ ਪਾਸੇ ਰਹੀ, ਅਦਾਲਤ ਵਿਚ ਵੀ ਕੋਈ ਬਕਾਇਦਾ ਫ਼ੋਰਸ ਤਾਇਨਾਤ ਨਹੀਂ ਕੀਤੀ ਗਈ।

ਘਟਨਾ ਵਾਲੇ ਦਿਨ ਸੋਮਵਾਰ ਸੀ। ਹਮੇਸ਼ਾਂ ਵਾਂਗ ਉਥੇ ਕਿੰਨੇ ਹੀ ਪੁਲਸੀਏ, ਥਾਨੇਦਾਰ, ਹੌਲਦਾਰ ਸਿਪਾਹੀ ਸ਼ਹਾਦਤਾਂ ਦੇਣ ਲਈ ਚਾਰਾਂ ਅਦਾਲਤਾਂ ਦੇ ਬਾਹਰ ਘੁੰਮ ਫਿਰ ਰਹੇ ਸਨ। ਇਕ ਇਕ ਸਿਪਾਹੀ ਤਾਂ ਨੈਬਕੋਟ ਦੇ ਤੌਰ ਤੇ ਹਰ ਅਦਾਲਤ ਵਿਚ ਹਰ ਸਮੇਂ ਹਾਜ਼ਰ ਰਹਿੰਦਾ ਹੈ। ਪਰ ਲਗਭਗ ਪੌਣੇ 11 ਵਜੇ ਜਦ ਕਾਤਲੀ ਗਰੋਹ ਨੇ ਸ੍ਰੀ ਕੌਸ਼ਿਕ ਨੂੰ ਅਦਾਲਤ ਵਿਚ ਕੰਮ ਕਰਦਿਆਂ ਦੇ ਗੋਲੀਆਂ ਦਾਗੀਆਂ ਤੇ ਅਦਾਲਤ ਦੇ ਬਾਹਰ ਦੋ ਹਵਾਈ ਫਾਇਰ ਕੀਤੇ ਤਾਂ ਚਾਰੇ ਪਾਸੇ ਪਈ ਭਗਦੜ ਵਿਚ ਪੁਲਸ ਦੇ ਇਹ ਜੁਆਨ ਕੰਧਾਂ ਕੌਲਿਆਂ ਉਹਲੇ ਲੁੱਕਣ ਵਿਚ ਸਭ ਤੋਂ ਅੱਗੇ ਸਨ। ਇਕ ਪੁਲਸੀਏ ਨੇ ਮੋਢੇ ਪਾਈ ਰਾਈਫਲ ਨੂੰ ਭੱਜੇ ਜਾਂਦੇ ਕਾਤਲਾਂ ਵਿਰੁੱਧ ਵਰਤਣ ਦੀ ਥਾਂ, ਉਲਟਾ ਇਸ ਨੂੰ ਮੌਤ ਦਾ ਸੱਦਾ ਸਮਝਦਿਆਂ ਪਰ੍ਹਾਂ ਵਗਾਹ ਮਾਰਿਆ। ਤੇ ਸਭ ਕੁਝ ਠੀਕ ਹੋਣ ਬਾਦ ਇਹਦੀ ਸਾਰ ਲਈ। ਇਕ ਥਾਨੇਦਾਰ ਗਲ 'ਚ ਪਸਤੌਲ ਲਟਕਾਈ ਘਟਨਾ ਵਾਲੀ ਜਗ੍ਹਾ ਦੇ ਬਿਲਕੁਲ ਨਜ਼ਦੀਕ ਖੜਾ ਸੀ, ਪਰ ਉਹਨੇ ਵੀ ਆਪਣੇ ਬਚਾਓ ਨੂੰ ਪਹਿਲ ਦਿੱਤੀ। ਪੈਦਲ ਭੱਜੇ ਜਾਂਦੇ ਕਾਤਲਾਂ ਦਾ ਪਿੱਛਾ ਕਰਨ ਦੀ ਤਾਂ ਗੱਲ ਛੱਡੋ, ਸ੍ਰੀ ਕੌਸ਼ਿਕ ਨੂੰ ਜ਼ਖ਼ਮੀ ਹਾਲਤ ਵਿਚ ਅਦਾਲਤ 'ਚੋਂ ਚੁੱਕਣ, ਗੱਡੀ ਦਾ ਪ੍ਰਬੰਧ ਕਰਨ ਤੇ ਹਸਪਤਾਲ ਪਹੁੰਚਾਣ ਤੱਕ ਵੀ ਇਹ ਪੁਲਸੀਏ ਆਪਣੀ ਹੋਸ਼ ਹਵਾਸ਼ 'ਚ ਨਹੀਂ ਆਏ। ਅਦਾਲਤ ਦੇ ਕੁਝ ਮੁਲਾਜ਼ਮਾਂ ਤੇ ਵਕੀਲਾਂ ਨੇ ਲਹੂ 'ਚ ਗੜੁੱਚ ਸ੍ਰੀ ਕੌਸ਼ਿਕ ਨੂੰ ਤੁਰੰਤ ਹੱਥਾਂ ਤੇ ਚੁੱਕ ਕਚਹਿਰੀਆਂ ਤੋਂ ਬਾਹਰ ਸੜਕ ਤੇ ਲਿਆਂਦਾ ਤੇ CRPF ਦੀ ਜੀਪ ਨੂੰ ਹੱਥ ਦੇ ਕੇ ਹਸਪਤਾਲ ਪਹੁੰਚਾਇਆ।

ਪੋਸਟ ਮਾਰਟਮ ਤੋਂ ਬਾਦ ਸ੍ਰੀ ਕੌਸ਼ਿਕ ਦੀ ਮ੍ਰਿਤਕ ਦੇਹ ਨੂੰ ਸ਼ਾਮ ਨੂੰ ਚੰਡੀਗੜ੍ਹ ਉਨ੍ਹਾਂ ਦੇ ਨਿਵਾਸ ਅਸਥਾਨ ਲਿਜਾਇਆ ਗਿਆ। ਮੋਗੇ ਦੇ ਸਾਰੇ ਜੱਜ ਤੇ ਕੁਝ ਵਕੀਲ ਮਿਰਤਕ ਦੇਹ ਨਾਲ ਚੰਡੀਗੜ੍ਹ ਪਹੁੰਚੇ। ਇਸ ਸਮੇਂ ਤੱਕ ਰੇਡੀਓ, ਵਾਇਰਲੈਸਾਂ ਰਾਹੀਂ ਇਹ ਘਟਨਾ ਦਾ ਚੰਡੀਗੜ੍ਹ ਸਮੇਤ ਸਭ ਥਾਈਂ ਪਤਾ ਲੱਗ ਚੁੱਕਾ ਸੀ। ਪਰ ਚੰਡੀਗੜ੍ਹ 'ਚ ਹੀ ਬੈਠੇ ਹਾਕਮਾਂ ਜਾਂ ਉਨ੍ਹਾਂ ਦੇ ਉਚ ਅਫ਼ਸਰਾਂ 'ਚੋਂ ਕਿਸੇ ਨੇ ਵੀ ਸ਼ਾਮ ਤੋਂ ਲੈ ਕੇ ਸਵੇਰੇ 10 ਵਜੇ ਤੱਕ ਸ੍ਰੀ ਕੌਸ਼ਿਕ ਦੇ ਘਰ ਪਹੁੰਚਣ, ਉਨ੍ਹਾਂ ਦੇ ਰੋਂਦੇ, ਕੁਰਲਾਂਦੇ ਪ੍ਰਵਾਰ ਨੂੰ ਹੌਂਸਲੇ ਦੇ ਦੋ ਲਫਜ਼ ਕਹਿ ਦਿਲਾਸਾ ਦੇਣ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ। ਸ੍ਰੀ ਕੌਸ਼ਿਕ ਦੇ ਜੱਜ ਸਾਥੀ ਤੇ ਉਨ੍ਹਾਂ ਦੇ ਕੁਝ ਨਿੱਜੀ ਦੋਸਤ ਅਫ਼ਸਰ ਇਹ ਸਾਰਾ ਸਮਾਂ ਉਸਦੇ ਰੋਂਦੇ ਕੁਰਲਾਂਦੇ ਪ੍ਰਵਾਰ ਨੂੰ, ਆਪਣੇ ਰੋਂਦੇ ਦਿਲਾਂ ਨਾਲ ਦਿਲਾਸਾ ਦਿੰਦੇ ਰਹੇ, ਆ ਰਹੇ ਰਿਸ਼ਤੇਦਾਰਾਂ ਦੀ ਰੋਟੀ ਪਾਣੀ ਦਾ ਇੰਤ-ਜ਼ਾਮ ਕਰਨ ਤੇ ਸੁਭਾ ਲਈ ਸੰਸਕਾਰ ਦੇ ਪ੍ਰਬੰਧ ਲਈ ਆਪਣੇ ਤੌਰ ਤੇ ਹੀ ਕੋਸ਼ਿਸ਼ਾਂ ਕਰਦੇ ਰਹੇ। ਸਵੇਰੇ ਸ੍ਰੀ ਕੌਸ਼ਿਕ ਦੇ ਨਿੱਕੇ ਜਿਹੇ ਕੁਆਰਟਰ ਮੂਹਰੇ ਸੜਕ ਕਿਨਾਰੇ ਪਈ ਉਨ੍ਹਾਂ ਦੀ ਮਿਰਤਕ ਦੇਹ ਨੂੰ ਦੇਖ, ਹਰ ਦਿਲ ਦੇ ਵਿਚ ਆਪ ਮੁਹਾਰੇ ਇਹ ਸੁਆਲ ਉਠਦਾ ਸੀ, ਕਿ ਜੇਕਰ ਇਕ ਜੱਜ ਦਾ ਮੌਤ ਬਾਦ ਇਹ ਹਸ਼ਰ ਹੈ ਤਾਂ ਆਮ ਆਦਮੀ ਦਾ ਕੌਣ ਵਾਲੀ ਵਾਰਸ ਹੈ ? ਐਨ ਮੌਕੇ ਤੇ ਜਾ ਕੇ ਸਰਕਾਰੀ ਸਨਮਾਨਾਂ ਸਹਿਤ ਸੰਸਕਾਰ ਕਰਨ ਦੀ ਵਿਉਂਤ ਦਾ ਪਤਾ ਲੱਗਿਆ ਤੇ ਗਵਰਨਰ ਪੰਜਾਬ ਦਾ ADC ਤੇ ਗ੍ਰਹਿ ਰਾਜ ਮੰਤਰੀ ਸ੍ਰੀ ਕੰਵਲਜੀਤ ਸਿੰਘ ਘਰ ਪੁੱਜਣ ਦੀ ਥਾਂ, ਐਨ ਸੰਸਕਾਰ ਸਮੇਂ, ਸ਼ਮਸ਼ਾਨ ਘਾਟ ਵਿਚ ਹੀ ਪਹੁੰਚੇ।

ਇਸ ਘਟਨਾ ਨਾਲ ਜਿਥੇ ਹਕੂਮਤ ਦਾ ਕਿਰਦਾਰ ਅਤੇ ਉਹਦੀ ਸੁਰੱਖਿਆ ਮਸ਼ੀਨਰੀ ਦਾ ਪੋਲ ਹੋਰ

ਨਿਖਰਵੇਂ ਰੂਪ ਵਿਚ ਉਜਾਗਰ ਹੋਇਆ ਹੈ, ਉਥੇ ਇਸ ਹਕੂਮਤੀ ਮਸ਼ੀਨਰੀ ਦੇ ਇਕ ਮਹੱਤਵਪੂਰਨ ਅੰਗ ਜੱਜਾਂ/ ਮੈਜਿਸਟਰੇਟਾਂ ਨੂੰ ਖੂਨੀ ਟੋਲਿਆਂ ਅਤੇ ਸਰਕਾਰ ਦੀ ਦੀ ਨਾਕਾਮੀ ਵਿਰੁੱਧ ਹੋਰ ਵੱਧ ਖੁੱਲ੍ਹ ਤੌਰ ਤੇ ਡਟ ਜਾਣ ਲਈ ਮਜਬੂਰ ਕੀਤਾ ਹੈ। ਸਿਰਫ਼ ਅਪੀਲਾਂ, ਬੇਨਤੀਆਂ ਰਾਹੀਂ ਆਪਣੀ ਸੁਰੱਖਿਆ ਦੀ ਮੰਗ ਕਰਨ ਦੀ ਥਾਂ ਹੁਣ ਉਹੋ ਆਪਣੀ ਜਥੇਬੰਦਕ ਤਾਕਤ ਤੇ ਸੰਘਰਸ਼ ਦੇ ਜ਼ਰੀਏ ਆਪਣੀ ਸੁਰੱਖਿਆ ਹਾਸਲ ਕਰਨ ਦਾ ਰਾਹ ਅਖਤਿਆਰ ਕਰਨ ਲੱਗੇ ਹਨ। ਪੰਜਾਬ ਦੇ ਸਾਰੇ ਜੁਡੀਸ਼ਲ ਅਫ਼ਸਰਾਂ (ਮੈਜਿਸਟਰੇਟਾਂ, ਜੱਜਾਂ) ਵਲੋਂ ਇਸ ਘਟਨਾ ਵਿਰੁੱਧ ਰੋਸ ਪ੍ਰਗਟ ਕਰਨ ਲਈ ਦੋ ਦਿਨਾਂ ਦੀ ਸਮੂਹਕ ਛੁੱਟੀ ਲੈ ਕੇ ਅਦਾਲਤਾਂ ਦਾ ਬਾਈਕਾਟ ਕਰਨਾ ਤੇ 22 ਫਰਵਰੀ ਤੋਂ ਬਾਦ ਸੁਰੱਖਿਆ ਦੀ ਗਰੰਟੀ ਨਾ ਹੋਣ ਤੇ ਅਣਮਿਥੇ ਸਮੇਂ ਲਈ ਅਦਾਲਤਾਂ ਦਾ ਕੰਮ ਕਾਜ ਠੱਪ ਕਰਨ ਦਾ ਐਲਾਨ, ਜੁਡੀਸ਼ਲ ਅਫ਼ਸਰਾਂ ਵਿਚ ਫੈਲ ਰਹੇ ਰੋਹ ਤੇ ਰੋਸ ਦਾ ਪ੍ਰਤੀਕ ਹੈ। ਸ੍ਰੀ ਕੌਸ਼ਿਕ ਦੇ ਸੰਸਕਾਰ ਵਾਲੇ ਦਿਨ, ਸੰਸਕਾਰ ਸਮੇਂ ਇਕੱਠੇ ਹੋਏ ਪੰਜਾਬ ਭਰ ਦੇ ਜੱਜਾਂ/ਮੈਜਿਸਟਰੇਟਾਂ ਵਲੋਂ ਸ਼ਮਸ਼ਾਨ ਘਾਟ ਵਿਚ ਹੀ ਤੁਰੰਤ ਕੀਤੀ ਮੀਟਿੰਗ, ਕਾਤਲੀ ਟੋਲਿਆਂ ਵਲੋਂ ਉਨ੍ਹਾਂ ਉਪਰ ਲਗਾਤਾਰ ਹੋ ਰਹੇ ਹਮਲਿਆਂ ਵਿਰੁੱਧ ਉਨ੍ਹਾਂ ਦੇ ਖੌਲ ਰਹੇ ਰੋਹ, ਸਰਕਾਰ ਦੀ ਨਾਕਾਮੀ ਵਿਰੁੱਧ ਉਨ੍ਹਾਂ ਦੇ ਰੋਸ ਤੇ ਆਪਣੀ ਸੁਰੱਖਿਆ ਲਈ ਸੰਘਰਸ਼ ਦੇ ਰਾਹ ਤੁਰ ਪੈਣ ਦੇ ਉਨ੍ਹਾਂ ਦੇ ਦ੍ਰਿੜ ਇਰਾਦਿਆਂ ਦੀ ਸਾਕਾਰ ਮੂਰਤ ਸੀ।

ਜੱਜਾਂ ਦੇ ਨਾਲ ਨਾਲ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਵਕੀਲਾਂ ਨੇ ਵੀ ਇਸ ਘਟਨਾ ਵਿਰੁੱਧ ਜ਼ਬਰ-ਦਸਤ ਰੋਹ ਤੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬ ਹਰਿਆਣਾ ਹਾਈਕੋਰਟ ਦੀਆਂ ਲਗਭਗ ਸਾਰੀਆਂ ਅਦਾਲਤਾਂ ਦਾ ਬਾਈਕਾਟ ਕੀਤਾ।

ਮੋਗੇ ਦੇ ਵਕੀਲਾਂ ਅਤੇ ਮੋਗੇ ਦੀਆਂ ਅਦਾਲਤਾਂ ਦੇ ਮੁਲਾਜ਼ਮਾਂ ਤੋਂ ਬਿਨਾਂ ਵੱਡੀ ਗਿਣਤੀ ਵਿਚ ਹੋਰ ਵਕੀਲ ਸ੍ਰੀ ਕੌਸ਼ਿਕ ਦੇ ਚੰਡੀਗੜ੍ਹ ਵਿਖੇ ਸੰਸਕਾਰ ਵਿਚ ਸ਼ਾਮਲ ਹੋਏ।

ਬੁਧਵਾਰ ਮਿਤੀ 11-3-87 ਨੂੰ ਮੋਗੇ ਦੇ ਵਕੀਲਾਂ, ਅਦਾਲਤਾਂ ਦੇ ਮੁਲਾਜ਼ਮਾਂ ਤੇ ਮੁਨਸ਼ੀਆਂ ਨੇ ਕਾਲੇ ਝੰਡੇ ਲੈ ਕੇ ਸ਼ਹਿਰ ਵਿਚ ਮੋਨ ਜਲੂਸ ਕੱਢਿਆ।

ਦੂਸਰੇ ਦਿਨ ਵੀਰਵਾਰ ਨੂੰ ਮੋਗੇ ਦੇ ਵਕੀਲਾਂ ਵਲੋਂ ਮੋਗਾ ਬੰਦ ਦਾ ਸੱਦਾ ਦਿੱਤਾ ਗਿਆ। ਜਿਸਨੂੰ ਲੋਕਾਂ ਦਾ ਪੂਰਾ ਸਹਿਯੋਗ ਮਿਲਿਆ। ਮੋਗੇ ਦੇ ਸਾਰੇ ਬਾਜ਼ਾਰ, ਦੁਕਾਨਾਂ ਅਤੇ ਵਿਦਿਅਕ ਅਦਾਰੇ ਪੂਰੀ ਤਰ੍ਹਾਂ ਬੰਦ ਰਹੇ। ਮੋਗਾ ਬੰਦ ਵਾਲੇ ਦਿਨ ਮੋਗੇ ਦੇ ਵਕੀਲਾਂ, ਅਦਾਲਤਾਂ ਦੇ ਮੁਲਾਜ਼ਮਾਂ ਨੇ ਕਾਲੇ ਝੰਡੇ ਲੈਕੇ, ਮਾਟੋਆਂ, ਬੈਨਰਾਂ ਨਾਲ ਸ਼ਹਿਰ ਵਿਚ ਫਿਰ ਰੋਸ ਮੁਜ਼ਾਹਰਾ ਕੀਤਾ। ਇਸ ਮੁਜ਼ਾਹਰੇ ਵਿਚ SDM ਮੋਗਾ ਤੇ ਜੱਜ ਵੀ ਸ਼ਾਮਲ ਹੋਏ। ਜਦੋਂ ਇਹ ਰੋਸ ਮੁਜ਼ਾਹਰਾ ਸ਼ਹਿਰ ਵਿਚੋਂ ਗੁਜ਼ਰਿਆ ਤਾਂ ਬਹੁਤ ਸਾਰੇ ਸ਼ਹਿਰੀ ਆਪ ਮੁਹਾਰੇ ਇਸ ਵਿਚ ਸ਼ਾਮਲ ਹੁੰਦੇ ਗਏ। ਇਹ ਮੁਜ਼ਾਹਰਾ ਕਚਹਿਰੀਆਂ 'ਚ ਵਾਪਸ ਆਕੇ ਸ੍ਰੀ ਕੌਸ਼ਿਕ ਨੂੰ ਸ਼ਰਧਾਂਜਲੀ ਦੇਣ ਦੇ ਰੂਪ ਵਿਚ ਸਮਾਪਤ ਹੋਇਆ। ਮੋਗੇ ਦੀਆਂ ਅਦਾਲਤਾਂ ਦੇ ਮੁਲਾਜ਼ਮਾਂ ਨੇ ਵੀ ਲਗਾਤਾਰ ਤਿੰਨ ਦਿਨ ਅਦਾਲਤ ਦੇ ਕੰਮ ਕਾਰ ਦਾ ਬਾਈਕਾਟ ਰੱਖਿਆ।

ਸ੍ਰੀ ਕੌਸ਼ਿਕ ਦੀ ਅਦਾਲਤ ਮੂਹਰੇ ਲਟਕ ਰਹੇ ਕਾਲੇ ਝੰਡੇ ਅਤੇ ਕਚਹਿਰੀ ਦੇ ਅਹਾਤੇ 'ਚ ਲੱਗੇ ਗੱਤੇ ਦੇ ਮਾਟੋ... ਅੱਤਵਾਦ ਖਤਮ ਕਰੋ, ਸਾਡੀ ਸੁਰੱਖਿਆ ਦਾ ਪ੍ਰਬੰਧ ਕਰੋ, ਸ੍ਰੀ ਕੌਸ਼ਿਕ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰੋ, ਇਸ ਸਚਾਈ ਨੂੰ ਉਜਾਗਰ ਕਰ ਰਹੇ ਹਨ ਕਿ ਫਿਰਕੂ ਜਨੂੰਨੀ ਦਹਿਸ਼ਤਗਰਦ ਆਪਣੀਆਂ ਗੋਲੀਆਂ ਨਾਲ ਲੋਕਾਂ ਦੀ ਮੌਤ ਦਾ ਹੀ ਛਿੱਟਾ ਨਹੀਂ ਦੇ ਰਹੇ, ਆਪਣੀ ਮੌਤ ਦਾ ਸਾਮਾਨ ਵੀ ਖ਼ੁਦ ਤਿਆਰ ਕਰ ਰਹੇ ਹਨ। ੦੦

## ਭਾਰਤੀ ਸਮਾਜ ਦੇ ਤਿੰਨ ਵਰਗ। ਅਮੀਰ, ਮੱਧ ਤੇ ਦਲਿਤ ਵਰਗ

ਗੁਰਨਾਮ ਸਿੰਘ ਮੁਕਤਸਰ

ਉਂਜ ਤਾਂ ਸਾਰੇ ਸੰਸਾਰ ਦੇ ਦੇਸ਼ਾਂ ਵਿਚ ਕਿਸੇ ਹੱਦ ਤੀਕ, ਸਮਾਜਿਕ ਰਾਜਨੀਤਿਕ ਆਰਥਿਕ, ਅਤੇ ਧਾਰਮਿਕ ਤੌਰ ਤੇ ਬਣੇ ਵੱਖ ਵੱਖ ਕਿਸਮਾਂ ਦੇ ਵਰਗ ਮਿਲ ਜਾਂਦੇ ਹਨ ਪਰੰਤੂ ਭਾਰਤੀ ਸਮਾਜ ਦੀ ਬਣਤਰ, ਕਿਉਂਕਿ ਦੁਨੀਆਂ ਤੋਂ ਬਿਲਕੁਲ ਵੱਖਰੀ ਹੈ ਇਸ ਲਈ ਏਥੇ ਹਰ ਅਧਾਰ ਤੇ ਵੱਖਰੇ ਵੱਖਰੇ ਵਰਗਾਂ ਦੀਆਂ ਹਜ਼ਾਰਾਂ ਕਿਸਮਾਂ ਹਨ। ਜਿਨ੍ਹਾਂ ਦਾ ਸਭਿਆਚਾਰ ਇਕ-ਦੂਜੇ ਨਾਲ ਸਾਂਝਾ ਨਹੀਂ। ਅਜਿਹੇ ਅਨੇਕਾਂ ਵਰਗਾਂ ਨੂੰ, ਆਜ਼ਾਦੀ ਤੇ ਸਮਾਨਤਾ ਦੇਣ ਦੀ ਥਾਂ ਇਕ ਥਾਂ ਨੂੜ ਕੇ ਰੱਖਣ ਦੇ ਯਤਨ ਕੀਤੇ ਜਾਂਦੇ ਰਹੇ ਹਨ, ਕੀਤੇ ਜਾ ਰਹੇ ਹਨ ਤੇ ਕਾਫ਼ੀ ਸਮਾਂ ਕੀਤੇ ਜਾਂਦੇ ਰਹਿਣਗੇ। **ਹਾਕਮ ਜਮਾਤ** ਜੋ ਉੱਤਮ ਦਰਜਾ ਰੱਖਦੀ ਹੈ ਦੇ ਹਿੱਤ ਅਜਿਹੇ ਹਨ ਕਿ ਉਹ ਜਿੰਨ੍ਹਾਂ ਲੋਕਾਂ ਨੂੰ ਇਕੋ ਨਜ਼ਰੀਏ ਤੋਂ ਪਾੜਕੇ, ਤੋੜਕੇ, ਲੀਰੋ ਲੀਰ ਕਰਕੇ ਉਹਨਾਂ ਨੂੰ ਕਮਜ਼ੋਰ ਬਣਾ ਕੇ ਆਪਣੀ ਸਰਦਾਰੀ ਕਾਇਮ ਰੱਖਦੀ ਹੈ ਤਾਂ ਦੂਜੇ ਨਜ਼ਰੀਏ ਤੋਂ ਜੋ ਉਸ ਦੇ ਹਿੱਤ ਵਿਚ ਭੁਗਤਦਾ ਹੈ, ਉਹਨਾਂ ਹੀ ਤੋੜੇ

ਹੋਏ, ਭੁੰਨੇ ਹੋਏ, ਤੇ ਖਿਲਰੇ ਹੋਏ ਲੋਕਾਂ ਨੂੰ ਇਕ ਥਾਂ ਰੱਖਣ ਲਈ ਨੂੜ-ਨੂੜ ਕੇ ਜਬਰੀ ਇਕ ਰੱਸੇ ਨਾਲ ਬੰਨ੍ਹਣ ਦਾ ਯਤਨ ਕਰਦੀ ਹੈ। ਭਾਵੇਂ ਉਸ ਨੂੰ ਇਹਨਾਂ ਦੋਵੇਂ ਕਿਸਮ ਦੇ ਨਜ਼ਰੀਆਂ ਤੋਂ ਜ਼ੁਲਮ ਹੀ ਕਿਉਂ ਨਾ ਕਰਨਾ ਪਵੇ। ਜਾਂ ਜਿਹੋ ਜਿਹਾ ਮਰਜ਼ੀ ਕੌੜਾ ਕਸੈਲਾ ਦੂਸ਼ਤ ਤੇ ਬੇਈਮਾਨੀ ਭਰਿਆ ਪ੍ਰਚਾਰ ਜਾਰੀ ਕਿਉਂ ਨਾ ਰੱਖਣਾ ਪਵੇ। ਅਜੇਹੇ ਹਾਲਤਾਂ ਅੰਦਰ ਛੋਟੇ ਛੋਟੇ ਹਜ਼ਾਰਾਂ ਟੁੱਕੜ ਵੰਡ ਵਰਗਾਂ ਦੇ ਨਾਲ ਨਾਲ ਮੁੱਖ ਰੂਪ ਵਿਚ ਭਾਰਤ, ਭਾਰਤੀ ਸਮਾਜ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਹੈ।

ਇਹ ਤਿੰਨ ਵਰਗ ਹਨ :—

1. ਅਮੀਰ ਵਰਗ—(ਲੁਟੇਰੀ ਜਮਾਤ)
2. ਦਲਿਤ ਵਰਗ—(ਲੁੱਟੀ ਜਾਣ ਵਾਲੀ ਜਮਾਤ)
3. ਮੱਧ ਵਰਗ—(ਪਾਲਤੂ ਜੋਕਾਂ)

**1. ਅਮੀਰ ਵਰਗ :**—ਇਹ ਉਹ ਲੋਕ ਨੇ ਜੋ ਹਰ ਪ੍ਰਕਾਰ ਦੇ ਪਦਾਰਥਾਂ, ਵਸਤੂਆਂ ਭਾਵ—ਮਨੁੱਖੀ ਲੋੜਾਂ ਅਨੁਸਾਰ ਨਿੱਤ ਵਰਤੋਂ ਦੀਆਂ ਸਸਤੀਆਂ ਮਹਿੰਗੀਆਂ ਸਾਰੇ ਪ੍ਰਕਾਰ ਦੀਆਂ ਚੀਜ਼ਾਂ ਦੇ ਮਾਲਕ ਹਨ, ਏਕਾ ਅਧਿਕਾਰੀ ਹਨ ਸਮੁੱਚੀ ਪੈਦਾਵਾਰ ਹੀ ਇਹਨਾਂ ਦੀ ਮਾਲਕੀ ਥੱਲੇ ਹੈ। ਦੇਸ਼ ਦਾ ਸਮੁੱਚਾ ਢਾਂਚਾ ਇਹਨਾਂ ਲੋਕਾਂ ਦੇ ਕਾਬਜ਼ ਬਣੇ ਰਹਿਣ ਦੇ ਹਿੱਤ ਵਿਚ ਖੜੋਤਾ ਹੈ। ਆਰਥਕ ਬਣਤਰ ਹੀ ਅਜਿਹੀ ਬਣਾ ਦਿੱਤੀ ਗਈ ਹੈ ਕਿ ਸਾਰੀ ਪੈਦਾਵਾਰ ਆਪਣੇ ਆਪ ਹੀ ਇਹਨਾਂ ਲੋਕਾਂ ਦੇ ਹੱਥ ਵਿਚ ਚਲੀ ਜਾਂਦੀ ਹੈ ਤੇ ਵੇਚ ਖਰੀਦ ਉਹਨਾਂ ਦੀ ਨਿੱਜੀ ਮਰਜ਼ੀ ਤੇ ਨਿਰਭਰ ਹੈ। ਇਹ ਜਮਾਤ ਜਾਂ ਵਰਗ ਬਹੁਤ ਹੀ ਥੋੜੀ ਗਿਣਤੀ ਵਿਚ ਹੈ, ਜਿਸ ਕੋਲ ਬੇਸ਼ੁਮਾਰ ਸਾਧਨ ਹਨ ਅਥਾਹ ਧਨ ਅਤੇ ਮਾਲ ਹੈ। ਜਿੰਨਾਂ ਇਹ ਵਰਗ ਛੋਟਾ ਹੈ ਉਸ ਤੋਂ ਹਜ਼ਾਰਾਂ ਲੱਖਾਂ ਗੁਣਾਂ ਵਸਤੂਆਂ ਦੀ ਸਮੁੱਚੀ ਪੈਦਾਵਾਰ ਦਾ ਇਹ ਮਾਲਕ ਹੈ। ਇਹ ਵਰਗ ਟਿੱਲ ਤੱਕ ਤਾਣ ਲਾਕੇ ਵੀ ਖੁਦ ਵਸਤੂਆਂ ਦੀ ਖਪਤ ਨਹੀਂ ਕਰ ਸਕਦਾ। ਇਸ ਵਿਚ ਖਪਤ ਦੀ ਜਾਂ ਇੰਜ ਕਹਿ ਲਉ ਪਦਾਰਥਾਂ ਨੂੰ ਵਰਤ ਸਕਣ ਦੀ ਮਨੁੱਖੀ ਸਮਰੱਥਾ ਨਹੀਂ ਹੈ। ਪਰੰਤੂ ਇਹ ਵਰਗ ਜੋ ਅਸਲੋਂ ਹੀ ਤੁੱਛ ਹੈ ਸਮਾਜ ਲਈ ਬੇਸ਼ੁਮਾਰ ਵਸਤੂਆਂ ਤਿਆਰ ਕਰ ਸਕਣ ਦੀ ਸਮਰੱਥਾ ਰੱਖਦਾ ਹੈ। ਜੋ ਆਪਣੇ ਲਈ ਇਹਨਾਂ ਨੂੰ ਵਰਤ ਨਹੀਂ ਸਕਦਾ।

**2. ਦਲਿਤ ਵਰਗ :** ਭਾਰਤ ਅੰਦਰ ਇਕ ਅਜਿਹਾ ਵਰਗ ਹੈ ਜਿਸਦੀ ਗਿਣਤੀ 55-60 ਕਰੋੜ ਦੇ ਕਰੀਬ ਕਹੀ ਜਾ ਸਕਦੀ ਹੈ। ਜਿਸ ਪਾਸ ਧਨ ਹੀ ਨਹੀਂ ਹੈ ਜਿਸ ਨਾਲ ਉਹ ਪੈਦਾ ਕੀਤੀਆਂ ਵਸਤੂਆਂ ਨੂੰ ਖ਼ਰੀਦ ਕੇ ਜੀਵਨ ਪੱਧਰ ਬਦਲ ਸਕੇ। ਇਹ ਤਾਂ ਸਿਰਫ ਦੋ ਗਜ਼ ਲੀੜੇ ਕਪੜੇ ਜਾਂ ਚਾਰ ਬੁਰਕੀਆਂ ਰੋਟੀ ਤੱਕ ਸੀਮਤ ਹੈ। ਇਸ ਪਾਸ ਇਸ ਤੋਂ ਜ਼ਿਆਦਾ ਕੁੱਝ ਖਰੀਦ ਸਕਣ ਦੀ ਸਮਰੱਥਾ ਹੀ ਨਹੀਂ ਹੈ। ਉਹਨਾਂ ਨੂੰ ਜੇ ਤਨ ਢੱਕਣ ਲਈ ਪੁਰਾਣਾ-ਸਰਾਣਾ ਕਪੜਾ ਮਿਲ ਜਾਵੇ, ਜਿਉਂਦੇ ਰਹਿਣ ਲਈ ਮਾੜਾ-ਮੋਟਾ ਖਾਣਾ ਮਿਲ ਜਾਵੇ ਤੇ ਰਹਿਣ ਲਈ ਘਾਹ ਫੂਸ ਦੀ ਕੁੱਲੀ ਮਿਲ ਜਾਵੇ ਤਾਂ ਉਹ ਏਨੇ ਤੇ ਹੀ ਆਪਣਾ ਜੀਵਨ ਗੁਜ਼ਾਰ ਕੇ ਪਸ਼ੂਆਂ ਵਾਂਗ ਜਿਉਂਦੇ, ਜੰਮਦੇ ਤੇ ਮਰ ਜਾਂਦੇ ਹਨ। ਜ਼ਿੰਦਗੀ ਦੀਆਂ ਹੋਰ ਲੋੜਾਂ ਵੱਲ ਧਿਆਨ ਦੇ ਸਕਣਾ ਇਹਨਾਂ ਦੀ ਤਾਕਤ ਤੋਂ ਬਾਹਰ ਦੀ ਗੱਲ ਹੈ। ਇਹਨਾਂ ਅੰਦਰ ਚੰਗੀ ਆਮਦਨ ਦੇ ਵਸੀਲੇ ਨਾ ਹੋਣ ਕਾਰਨ ਅਤੇ ਇਹਨਾਂ ਦੀ ਉਤਲੀ ਕਾਬਜ਼ ਜਮਾਤ ਵਲੋਂ ਕੀਤੀ ਜਾਂਦੀ ਅੰਨ੍ਹੀ ਲੁੱਟ ਕਾਰਨ, ਬਹੁਤੇ ਤਾਂ ਰੋਟੀ ਕਪੜੇ ਤੱਕ ਸੀਮਿਤ ਹਨ ਤੇ ਬਾਕੀ ਵੱਡਾ ਸਮਾਜ ਅਜਿਹਾ ਹੈ ਜੋ ਗਰੀਬੀ ਰੇਖਾ ਤੋਂ ਥੱਲੇ ਰਹਿੰਦਾ ਹੈ। ਗਰੀਬੀ ਰੇਖਾ ਦਾ ਭਾਵ ਇਕ ਰੁਪਿਆ ਪ੍ਰਤੀ ਦਿਨ, ਪ੍ਰਤੀ ਵਿਅਕਤੀ ਆਮਦਨ। ਅਜਿਹਾ ਸਮਾਜ ਜਿਸ ਨੂੰ ਇਕ ਵੇਲੇ ਵੀ ਪੂਰਾ ਖਾਣ ਨੂੰ ਨਹੀਂ ਮਿਲਦਾ। ਇਸਦੀ ਗਿਣਤੀ 40 ਕਰੋੜ ਤੋਂ ਉਪਰ ਹੈ। ਬਾਕੀ 15-20 ਕ੍ਰੋੜ ਰੁੱਖੀ ਮਿੱਸੀ ਖਾ ਕੇ, ਮੋਟਾ ਠੁੱਲ੍ਹਾ ਪਹਿਨਕੇ ਦਰ-ਗੁਜ਼ਰ ਕਰ ਰਹੇ ਹਨ। ਇਹ ਲੋਕ ਜੋ ਸਮਾਜ ਦਾ 70-75 ਫੀ ਸਦੀ ਭਾਗ ਹਨ। ਜ਼ਿੰਦਗੀ ਦੀਆਂ ਸਭ ਲੋੜਾਂ ਵੱਲ ਧਿਆਨ ਨਹੀਂ ਕਰ ਸਕਦੇ ਕਿਉਂਕਿ ਇਹਨਾਂ ਵਿਚ ਖਰੀਦਣ ਦੀ ਸ਼ਕਤੀ ਨਹੀਂ ਹੈ। ਹੁਣ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਜੋ ਪੈਦਾਵਾਰ ਤੇ ਕਾਬਜ ਹਨ ਤੇ ਬੇਸ਼ੁਮਾਰ ਵਸਤੂਆਂ ਪੈਦਾ ਕਰਦੇ ਹਨ, ਉਹ ਵੀ ਪੂਰੇ ਪਦਾਰਥਾਂ ਦੀ ਖਪਤ ਨਹੀਂ ਕਰ ਸਕਦੇ ਅਤੇ ਉਹ ਲੋਕ ਜਿਹੜੇ ਸਮਾਜ ਦਾ ਤਿੰਨ ਚੌਥਾਈ ਭਾਗ ਹਨ, ਖਰੀਦ ਸਕਣ ਦੀ ਤਾਕਤ ਹੀ ਨਹੀਂ ਰਖਦੇ ਕਿਉਂਕਿ ਉਹ ਨਿਰਧਨ ਹਨ, ਕੰਗਾਲ ਹਨ ਤਾਂ ਫਿਰ ਉਹ ਵਰਗ ਕਿਹੜਾ ਹੈ ਜੋ ਇਹਨਾਂ ਵਸਤੂਆਂ ਨੂੰ ਹੜੱਪ ਕਰ ਜਾਂਦਾ ਹੈ। ਤੇ ਜਿਹੜਾ 70-75 ਫੀਸਦੀ ਲੋਕਾਂ ਦੇ ਹਿੱਸੇ ਦਾ ਮਾਲ ਵੀ ਹਜ਼ਮ ਕਰ ਲੈਂਦਾ ਹੈ।

ਇਹ ਵਰਗ ਹੈ :

**ਤੀਜਾ ਮਧ ਵਰਗ**—ਜਿਸ ਦੀ ਪ੍ਰਤੀ ਮਹੀਨਾ ਮਹੀਨਾ ਆਮਦਨ 5000 ਰੁਪਏ ਤੱਕ ਮੰਨੀ ਜਾ ਸਕਦੀ ਹੈ। 1984 ਤੱਕ ਲਗਪਗ 25 ਮਿਲੀਅਨ ਭਾਵ $2\frac{1}{2}$ ਕਰੋੜ ਲੋਕ ਸਰਕਾਰੀ ਅਤੇ ਗੈਰ ਸਰਕਾਰੀ ਨੌਕਰੀਆਂ ਵਿਚ ਸਨ ਜਿਨ੍ਹਾਂ ਵਿਚ ਇਹ ਉਪਰੋਕਤ ਤੀਜਾ ਵਰਗ ਸ਼ਾਮਲ ਹੈ। ਨੌਕਰੀਆਂ ਤੋਂ ਇਲਾਵਾ ਕਾਫ਼ੀ ਜ਼ਿਆਦਾ ਉਹ ਲੋਕ ਵੀ ਇਸ ਮੱਦ ਵਿਚ ਸ਼ਾਮਲ ਹਨ ਜੋ ਹੋਰ ਸਾਧਨ ਜੁਟਾ ਕੇ ਇਸ ਮਿਥੀ ਆਮਦਨ ਦੇ ਪੱਧਰ ਤੇ ਆਉਂਦੇ

ਹਨ । ਇਉਂ ਰਲਾ ਮਿਲਾ ਕੇ ਅਜੇਹੇ ਲੋਕਾਂ ਦੀ ਗਿਣਤੀ ਲਗਪਗ 10 ਕਰੋੜ ਬਣ ਜਾਂਦੀ ਹੈ । ਇਹ ਉਹ ਵਰਗ ਹੈ, ਜਿਹੜਾ ਦੂਜਿਆਂ ਦੀ ਕੀਮਤ ਤੇ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਮਾਣਦਾ ਹੈ ਜਾਂ ਮਾਨਣ ਦੀ ਚੇਸ਼ਟਾ ਬਣਾਈ ਰੱਖਦਾ ਹੈ । ਇਸ ਦੇਸ਼ ਦੀ ਲਗ ਪਗ ਸਾਰੀ ਪੈਦਾਵਾਰ ਇਹ ਲੋਕ ਹੜੱਪ ਕਰ ਜਾਂਦੇ ਹਨ । ਖਾਸ ਤੌਰ ਤੇ ਇਹਨਾਂ ਵਿਚ ਜ ਸਰਕਾਰੀ ਕਰਮਚਾਰੀ ਹਨ ਉਹ ਜ਼ਿਆਦਾ ਵਸਤੂਆਂ ਹੜੱਪ ਕਰਦੇ ਹਨ ਕਿਉਂਕਿ ਸਰਕਾਰੀ ਅਤੇ ਗੈਰ-ਸਰਕਾਰੀ ਤੌਰ ਤੇ ਫੈਲਿਆਂ ਹੋਇਆ ਭ੍ਰਿਸ਼ਟਾਚਾਰ ਵੱਢੀ ਖੋਰੀ-ਚੋਰੀ ਇਹਨਾਂ ਲੋਕਾਂ ਨੂੰ ਵਸੀਲੇ ਪੈਦਾ ਕਰਕੇ ਦਿੰਦੇ ਹਨ ਅਤੇ ਇਹ ਲੋਕ ਜਿਥੇ ਥਲੜ ਵਰਗ ਦਾ ਖ਼ੂਨ ਚੂਸਦੇ ਹਨ, ਉਥੇ ਵਡੇ ਲੋਕਾਂ ਤੋਂ ਉਨ੍ਹਾਂ ਦੇ ਕਾਰੋਬਾਰ ਚਲਾਉਣ ਵਿਚ ਸਹਾਇਤਾ ਦੇਣ ਬਦਲੇ ਵੀ ਕਾਫ਼ੀ ਕੁਝ ਪ੍ਰਾਪਤ ਕਰ ਲੈਂਦੇ ਹਨ ।

ਜਿਵੇਂ ਵੱਡਿਆਂ ਕਾਰਖਾਨਿਆਂ ਨੂੰ ਬਿਜਲੀ ਸਪਲਾਈ ਦੇਣ ਵਾਲੇ, ਬੈਂਕਾਂ ਰਾਹੀਂ ਵਡੇ ਛੋਟੇ ਕਰਜ਼ੇ ਦੇਣ ਵਾਲੇ, ਕਿਸਾਨਾਂ ਨੂੰ ਖਾਦਾਂ ਅਤੇ ਲੋੜੀਂਦੇ ਸੌਦਾਂ ਦੀ ਪੂਰਤੀ ਕਰਨ ਵਾਲੇ, ਗੱਲ ਕੀ ਹਰ ਖੇਤਰ ਅੰਦਰ ਇਹ ਤੀਜਾ ਵਰਗ ਆਪਣੇ ਪੈਰ ਜਮਾਈ ਬੈਠਾ ਹੈ । ਉਪਰਲਿਆਂ ਤੋਂ ਇਸ ਲਈ ਕੁਝ ਪ੍ਰਾਪਤ ਕਰਦਾ ਹੈ ਕਿਉਂਕਿ ਉਹਨਾਂ ਨੂੰ ਹਰ ਗਲਤ-ਮਲਤ ਢੰਗ ਨਾਲ ਸਹਿਯੋਗ ਦਿੰਦਾ ਹੈ । ਵਡਿਆਂ ਨੂੰ ਵਡੇ ਕਰਨ ਵਿਚ ਇਸ ਤੀਜੇ ਵਰਗ ਦਾ ਸਭ ਤੋਂ ਨਿੱਗਰ ਹੱਥ ਹੈ ਤੇ ਛੋਟਿਆਂ ਦਾ ਇਸ ਲਈ ਖਾ ਜਾਂਦਾ ਹੈ ਕਿਉਂਕਿ ਉਹਨਾਂ ਨੂੰ ਪਤਾ ਹੀ ਨਹੀਂ ਕਿ ਕੀ ਵਾਪਰ ਰਿਹਾ ਹੈ । ਉਹ ਤਾਂ ਬਹੁਤੇ ਏਸੇ ਗੱਲ 'ਚ ਵਿਸ਼ਵਾਸ ਕਰਦੇ ਹਨ ਕਿ ਉਹਨਾਂ ਦੀ ਤਕਦੀਰ ਵਿਚ ਜਿੰਨਾ ਲਿਖਿਆ ਹੈ ਉਹੀ ਉਹਨਾਂ ਨੂੰ ਮਿਲ ਰਿਹਾ ਹੈ । ਇਹ ਗੱਲ ਵਿਸ਼ਾਲ ਗਰੀਬ ਲੋਕਾਂ ਨੂੰ ਬ੍ਰਾਹਮਣਾਂ, ਪੰਡਤਾਂ, ਭਾਈਆਂ, ਮੁੱਲਾਂ ਮੁਲਾਣਿਆਂ ਪੁਜਾਰੀਆਂ ਪਾਦਰੀਆਂ ਪਰੋਹਤਾਂ, ਸਾਧਾਂ ਸੰਤਾਂ ਮਹਾਰਾਜਾਂ, ਸੱਚੇ ਪਾਤਸ਼ਾਹਾਂ, ਗਰੀਬ ਨਿਵਾਜਾਂ, ਜਪੀਆਂ ਤਪੀਆਂ ਆਦਿ ਨੇ ਸਿਖਾਈ ਹੈ । ਤੇ ਉਹ ਆਪਣੀ ਗਰੀਬੀ ਤੇ ਕੰਗਾਲੀ ਵਿਚ ਮਸਤ ਹਨ ਕਿਸੇ ਅਗਲੇ ਜਨਮ ਵਿਚ ਚੰਗੀ ਜੂਨ ਭੋਗਣ ਦੇ ਲਾਲਚ ਵਿਚ ।

ਅੱਜ ਅਸੀ ਵੇਖ ਸਕਦੇ ਹਾਂ ਕਿ ਕੁਝ ਲੋਕ ਜੋ ਆਬਾਦੀ ਦਾ ਖਾਸ ਕਰਕੇ ਸ਼ਹਿਰੀ ਅਬਾਦੀ ਦਾ ਕੁਝ ਭਾਗ ਸਿਰਫ ਅਜਿਹੀਆਂ ਚੀਜ਼ਾਂ ਦੀ ਖਰੀਦੋ-ਫਰੋਖਤ ਤੇ ਲੱਗਾ ਰਹਿੰਦਾ ਹੈ ਜੋ ਬਣਾਈਆਂ ਤਾਂ ਸਾਰੇ ਲੋਕਾਂ ਵਾਸਤੇ ਹੀ ਜਾਂਦੀਆਂ ਹਨ ਪਰੰਤੂ 60-65 ਕਰੋੜ ਲੋਕ ਤਾਂ ਇਹਨਾਂ ਨੂੰ ਖਰੀਦਣ ਦੀ ਸਮਰੱਥਾ ਹੀ ਨਹੀਂ ਰੱਖਦਾ । ਜੇ ਕੋਈ ਅੱਡੀਆਂ ਚੁੱਕ ਕੇ ਫਾਹ ਲੈ ਵੀ ਲੈਂਦਾ ਹੈ ਉਹ ਅੰਦਰੋਂ ਬਾਹਰੋਂ ਟੁਟਿਆ ਰਹਿੰਦਾ ਹੈ ।

ਮੋਟੇ ਰੂਪ ਵਿਚ ਰੇਡੀਓ ਟੀ. ਵੀ., ਵੀ. ਡੀ. ਓ. ਫੈਸ਼ਨ, ਸਜਾਵਟ, ਬਦੇਸ਼ੀ ਮਾਲ, ਦੁੱਧ ਸਬਜ਼ੀਆਂ, ਆਂਡੇ ਘਿਉ, ਮੱਖਣ ਮੀਟ, ਬਿਸਕੁਟ-ਕੇਕ ਫਲ, ਅਖਬਾਰਾਂ, ਮੈਗਜ਼ੀਨ, ਮੈਚ, ਫਿਲਮੀ ਸ਼ੋ, ਪਿਕਨਿਕਾਂ, ਸ਼ੁਗਲ ਮੇਲੇ, ਕੱਪੜੇ, ਜੁਤੇ, ਫਰਿਜ, ਕੂਲਰ, ਸ਼ਰਾਬ, ਚੰਗੇ ਮਕਾਨ ਇਹ ਸਭ ਕੁਝ ਇਸ ਤੀਜੇ ਵਰਗ ਦੇ ਹਿਸੇ ਆਇਆ ਹੈ । ਇਹ ਤੀਜਾ ਵਰਗ ਤੇ ਖਾਸ ਕਰਕੇ ਇਸ ਵਰਗ ਦੀ ਔਰਤ ਬਜ਼ਾਰ ਵਿਚ ਇਹ ਵਸਤੂਆਂ ਦੇਖਦੀ, ਖਰੀਦਦੀ ਨਜ਼ਰ ਆਵੇਗੀ । ਏਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਤੀਜੇ ਵਰਗ ਦੇ ਲੋਕ ਤੇ ਖਾਸ ਕਰਕੇ ਔਰਤਾਂ ਜੋ ਇਸ ਮੱਦ ਵਿੱਚ ਆਉਂਦੀਆਂ ਹਨ, ਵੱਡੇ ਲੋਕਾਂ ਦੀਆਂ ਵਸਤੂਆਂ ਦੀ ਸਹਿਜ ਹੀ ਮਸ਼ਹੂਰੀ ਕਰਦੀਆਂ ਤੁਹਾਨੂੰ ਮਿਲ ਜਾਣਗੀਆਂ ਟੀ. ਵੀ. ਜਾਂ ਫਿਲਮੀ ਕੇਂਦਰਾਂ ਦੁਆਰਾਂ, ਅਖਬਾਰਾਂ ਜਾਂ ਮੈਗਜ਼ੀਨਾਂ ਦੁਆਰਾਂ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦਾ ਅਸਰ ਵੀ ਏਸੇ ਵਰਗ ਤੇ ਹੈ । ਆਪਣੇ ਆਪ ਹੀ ਇਹ ਵਰਗ ਨਵੀਆਂ ਵਸਤੂਆਂ ਦੀ ਮਸ਼ਹੂਰੀ ਦਫ਼ਤਰਾਂ ਸਕੂਲਾਂ ਗਲੀਆਂ, ਘਰਾਂ 'ਚ ਕਰਦਾ ਨਜ਼ਰ ਆਵੇਗਾ ।

ਇਹ ਵਰਗ ਜੋ ਸਮੁੱਚੀ ਲੋਕਾਈ ਦਾ ਸਤਵਾਂ ਅੱਠਵਾਂ ਭਾਗ ਹੈ, ਲਗ ਪਗ ਸਾਰੇ ਲੋਕਾਂ ਦੀਆਂ ਖੁਸ਼ੀਆਂ ਅਤੇ ਅਰਾਮ ਦੀਆਂ ਚੀਜ਼ਾਂ ਹੜੱਪ ਕਰ ਜਾਂਦਾ ਹੈ ਕਿਉਂਕਿ ਇਸ ਪਾਸ ਕਮਾਏ ਧਨ ਦੇ ਨਾਲ ਨਾਲ ਅਣ-ਕਮਾਇਆ ਧਨ ਵੀ ਆਉਂਦਾ ਰਹਿੰਦਾ ਹੈ ।

ਇਹ ਉਹ ਲੋਕ ਹਨ ਜੋ ਕੰਮ ਬਹੁਤ ਹੀ ਘਟ ਕਰਦੇ ਹਨ, ਹਰ ਪਾਸੇ ਗੱਪਾਂ ਮਾਰਦੇ ਨਜ਼ਰ ਆਉਂਦੇ ਹਨ ਪਰੰਤੂ ਇਹਨਾਂ ਪਾਸ ਇਸ ਵਰਤਮਾਨ ਬਣੇ ਢਾਂਚੇ ਅਨੁਸਾਰ, ਪਦਾਰਥ ਖਰੀਦਣ ਜੋਗਾ ਧਨ ਇਕੱਠਾ ਕਰਨ ਦੇ ਵਸੀਲੇ ਹਮੇਸ਼ਾਂ ਬਣੇ ਰਹਿੰਦੇ ਹਨ । ਇਸੇ ਲਈ ਇਹ ਆਰਾਮਦੇਹ ਅਤੇ ਸਜਾਵਟ ਵਾਲੀਆਂ ਸਾਰੀਆਂ ਵਸਤੂਆਂ ਖਰੀਦਣ ਵਿਚ ਲਗੇ ਰਹਿੰਦੇ ਹਨ । ਇਹਨਾਂ ਅੰਦਰ ਬਦੇਸ਼ੀ ਚੀਜ਼ਾਂ ਖਰੀਦਣ ਦੀ ਹੋੜ ਲਗੀ ਰਹਿੰਦੀ ਹੈ । ਇਹ ਉਸ ਤਾਕਤਵਰ ਫੌਜ ਵਰਗੇ ਹਨ, ਜੋ ਦੁਸ਼ਮਣ ਦਾ ਸਫਾਇਆ ਕਰ ਦਿੰਦੀ ਹੈ ਤੇ ਟੁੱਟ ਕੇ ਪੈ ਜਾਂਦੀ ਹੈ । ਇਹਨਾਂ ਦੇ ਬੱਚੇ ਮਾਡਲ ਜਾਂ ਕਾਨਵੈਂਟ ਸਕੂਲਾਂ ਵਿਚ ਪੜ੍ਹਦੇ ਹਨ । ਇਹੀ ਉਹ ਲੋਕ ਹਨ ਜੋ ਰਾਖਵੇਂ-ਕਰਨ ਵਿਰੁੱਧ ਸਭ ਤੋਂ ਵੱਧ ਸ਼ੋਰ ਮਚਾਉਂਦੇ ਹਨ ਅਤੇ ਹਰ ਹੇਰਾ-ਫੇਰੀ ਕਰਕੇ ਗਰੀਬ ਵਰਗ ਨੂੰ ਗਰੀਬ ਬਣਾਈ ਰੱਖਣ ਵਿਚ ਲਗੇ ਰਹਿੰਦੇ ਹਨ ।

ਅਸੀਂ ਵੇਖ ਸਕਦੇ ਹਾਂ ਕਿ ਜਿਥੇ ਕੋਈ ਗਰੀਬ ਸਾਈਕਲ ਵੀ ਮਸਾਂ ਲੈ ਸਕਦਾ ਹੈ, ਇਸ ਵਰਗ ਦੇ

ਲੋਕਾਂ ਪਾਸ ਚੰਗੇ ਮਕਾਨ ਹੈਨ, ਸੈਕੂਟਰ ਹਨ, ਮੋਟਰ ਸੋਈਕਲ, ਕਾਰਾਂ ਹਨ, ਟੈਲੀਫੋਨ ਹਨ । ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਮਾਨਣ ਦੇ ਸਾਧਨ ਇਹਨਾਂ ਪਾਸ ਹਨ। ਤੇ ਇਹ ਸਿਲਸਿਲਾ ਬੇਰੋਕ ਜਾਰੀ ਹੈ । ਇਹ 10-12 ਫੀਸਦੀ ਵਰਗ, ਸਾਰੀ ਜਨਤਾ ਦੀਆਂ ਵਸਤੂਆਂ ਅਤੇ ਖੁਸ਼ੀਆਂ ਤੇ ਛਾਪਾ ਮਾਰਦਾ ਹੈ ਤੇ ਸਭ ਕੁਝ ਬੜੇ ਆਰਾਮ ਬਿਨਾਂ ਕਿਸੇ ਕਾਨੂੰਨ ਦੀ ਪ੍ਰਵਾਹ ਕੀਤਿਆਂ, ਹੜੱਪ ਕਰ ਰਹੇ ਹਨ, ਹਜ਼ਮ ਕਰ ਰਹੇ ਹਨ, ਦੂਜਿਆਂ ਦੀ ਕੀਮਤ ਤੇ ਮੌਜਾਂ ਮਾਣ ਰਹੇ ਹਨ। ਇਹੀ ਉਹ ਲੋਕ ਹਨ; ਜੋ ਕਾਨੂੰਨ ਜਾਣਦੇ ਹਨ ਕਿ ਇਹ ਕੀ ਹੈ । ਇਸ ਨੂੰ ਆਪਣੇ ਹਿੱਤਾਂ ਲਈ ਕਿਵੇਂ ਵਰਤਣਾ ਹੈ । ਲੋਕਾਂ ਵਿਰੁੱਧ ਵਰਤਕੇ ਇਸ ਦਾ ਕਿਵੇਂ ਫਾਇਦਾ ਲੈਣਾ ਹੈ । ਕਿਵੇਂ ਕਾਨੂੰਨ ਦੀ ਆੜ ਲੈ ਕੇ ਜਨਤਾ ਦਾ ਖੂਨ ਚੂਸਣਾ ਹੈ ਤੇ ਕਿਵੇਂ ਕਾਨੂੰਨ ਦੀਆਂ ਨਜ਼ਰਾਂ ਵਿਚ ਬਚ ਕੇ ਕਾਗਜ਼ਾਂ ਦਾ ਢਿੱਡ ਭਰਕੇ ਪਬਲਿਕ ਫੰਡਾਂ ਨੂੰ ਹਜ਼ਮ ਕਰਨਾ ਹੈ ਤੇ ਇਸ ਕਮਾਏ, ਅਣ-ਕਮਾਏ ਧਨ ਨਾਲ ਜ਼ਿੰਦਗੀ ਦੀਆਂ ਸਾਰੀਆਂ ਸਹੂਲਤਾਂ ਆਪਣੇ ਢਿੱਡਾਂ, ਆਪਣੇ ਘਰਾਂ ਵਿਚ ਭਰਨੀਆਂ ਹਨ । ਇਸ ਤੀਜੇ ਵਰਗ ਨੂੰ ਹੀ ਖੂਨ ਪੀਣੀਆਂ ਜੋਕਾਂ ਨਾਲ ਤਰਜੀਹ ਦਿੱਤੀ ਜਾ ਸਕਦੀ ਹੈ ।

ਗੱਲ ਏਥੇ ਹੀ ਬੱਸ ਨਹੀਂ, ਇਹੀ ਵਰਗ ਹੈ ਜੋ ਨਿੱਕੇ ਕਾਮਿਆਂ ਨੂੰ ਉਹਨਾਂ ਦੀਆਂ ਲੋੜਾਂ ਪ੍ਰਤੀ ਉਕਸਾ ਕੇ ਉਹਨਾਂ ਨੂੰ ਸੰਘਰਸ਼ ਵਿਚ ਪਾਕੇ ਕੀਤੀਆਂ ਪ੍ਰਾਪਤੀਆਂ ਦਾ ਫਾਇਦਾ ਵੀ ਆਪ ਹੀ ਉਠਾਉਂਦਾ ਹੈ । ਗਰੀਬ ਕਾਮਿਆਂ ਦੀ ਨੇਤਾਗਿਰੀ, ਦਾਦਾਗਿਰੀ ਲੱਗਪਗ ਤੀਜੇ ਵਰਗ ਦੇ ਲੋਕਾਂ ਪਾਸ ਹੀ ਹੈ ।

ਇਸੇ ਤਰ੍ਹਾਂ ਅਸੀਂ ਇਸੇ ਨਿਰਣੇ ਤੇ ਪੁੱਜਦੇ ਹਾਂ ਕਿ ਉਹ ਕਰੋੜਾਂ ਲੋਕ ਜਿਨ੍ਹਾਂ ਨੂੰ ਖਾਣੇ ਦੀ ਜ਼ਰੂਰਤ ਹੈ ਉਹ ਖਰੀਦਣ ਜੋਗੇ ਨਹੀਂ, ਜਿਨ੍ਹਾਂ ਨੂੰ ਪਹਿਨਣ ਦੀ ਲੋੜ ਹੈ ਉਹ ਖਰੀਦਣ ਜੋਗੇ ਨਹੀਂ, ਜਿਨ੍ਹਾਂ ਨੂੰ ਪਸ਼ੂਆਂ ਵਾਂਗ ਕੰਮ ਕਰਨ ਤੋਂ ਬਾਦ ਆਰਾਮ ਦੀ ਜ਼ਰੂਰਤ ਹੈ, ਉਹਨਾਂ ਪਾਸ ਆਰਾਮ ਦੀਆਂ ਵਸਤੂਆਂ ਤਾਂ ਕੀ, ਛੋਟਾ ਮੋਟਾ ਘਰ ਬਣਾ ਸਕਣ ਦੀ ਤਾਕਤ ਵੀ ਨਹੀਂ । ਇਹ ਥੱਲੜਾ ਬੇਜ਼ਮੀਰ ਵਰਗ ਜੋ ਚੀਜ਼ ਵੀ ਪੈਦਾ ਕਰਦਾ ਹੈ, ਉਹ ਸਭ ਕੁਝ ਇਹ ਤੀਜਾ ਮੱਧ-ਵਰਗ ਖਾ ਜਾਂਦਾ ਹੈ ।

ਸਾਰਾ ਕਪੜਾ, ਸਾਰੀ ਜੁੱਤੀ, ਸਾਰੇ ਪਕਵਾਨ, ਸਾਰੇ ਆਵਾਜਾਈ ਦੇ ਸਾਧਨ, ਸਾਰੇ ਸੁਖ ਆਰਾਮ, ਸਾਰੇ ਸੁਗਲ ਮੇਲੇ, ਸਾਰੀ ਉੱਚੀ ਵਿਦਿਆ, ਸਾਰੇ ਘਰ ਘਾਟ, ਇਹ ਤੀਜਾ ਵਰਗ ਹੀ ਹੈ ਜੋ ਲੈ ਜਾਂਦਾ ਹੈ । ਇਹ ਵਰਗ ਵੱਡੀ ਜਾਇਦਾਦ ਅਤੇ ਸਹੂਲਤਾਂ ਦਾ ਮਾਲਕ ਹੈ ।

ਇਹਨਾਂ ਲੋਕਾਂ ਨੇ ਆਪਣੇ ਸ਼ਹਿਰਾਂ ਨੂੰ ਰਾਖਵਾਂ ਕਰ ਲਿਆ ਹੈ । ਇਸ ਵਰਗ ਦਾ 90-96 ਫੀ ਸਦੀ ਸ਼ਹਿਰਾਂ ਵਿਚ ਰਹਿੰਦਾ ਹੈ ਤੇ ਬਾਕੀ ਕਾਮਾਂ ਤੇ ਨਿਰਧਨ ਵਰਗ ਪਿੰਡਾਂ ਵਿਚ ਰਹਿ ਰਿਹਾ ਹੈ । ਗਲੇ ਸੜੇ ਮਾਹੌਲ ਅੰਦਰ । ਜਿਥੇ ਤੱਕ ਪਹੁੰਚ ਦੀਆਂ ਸਾਰੀਆਂ ਸਹੂਲਤਾਂ ਲੱਗ ਭਗ ਢੂੰਡੀਆਂ ਜਾਂਦੀਆਂ ਹਨ । ਜੋ ਬਾਕੀ ਬਚਿਆ ਪਹੁੰਚਦਾ ਵੀ ਹੈ ਉਹ ਪਿੰਡਾਂ ਵਿਚ ਬੈਠਾ ਕੁਝ ਟੁਕੜਾ ਵਰਗ ਹੂੰਝ ਲੈਂਦਾ ਹੈ ।

ਇਸ ਤਰ੍ਹਾਂ ਜਾਪਦਾ ਹੈ ਕਿ ਸ਼ਹਿਰ ਹੁਣ ਉਹਨਾਂ ਲੋਕਾਂ ਦੀ ਜਾਇਦਾਦ ਬਣ ਗਏ ਹਨ ਜੋ ਬਹੁਤ ਅਮੀਰ ਹਨ ਜੋ ਪੈਦਾਵਾਰ ਅਤੇ ਪੈਦਾਵਾਰੀ ਸਾਧਨਾਂ ਦੇ ਮਾਲਕ ਹਨ ਤੇ ਦੂਜਾ ਇਹ ਵਰਗ ਜੋ ਸਾਰੀ ਪੈਦਾਵਾਰ ਨੂੰ ਹੜੱਪ ਕਰਦਾ ਹੈ ਇਹਨਾਂ ਲੋਕਾਂ ਦੀ ਸ਼ਹਿਰ ਰਾਖਵੀਂ ਭੂਮੀ ਬਣ ਰਹੇ ਹਨ । ਇਹ ਉਹ ਲੋਕ ਹਨ, ਜੋ ਕੰਮ ਨਹੀਂ ਕਰਦੇ ਸਿਰਫ ਧਨ ਪੈਦਾ ਕਰਨ ਦੇ ਢੰਗ ਈਜਾਦ ਕਰ ਲੈਂਦੇ ਹਨ ।

ਦੂਜੇ ਪਾਸੇ ਉਹ ਲੋਕ ਜੋ ਸਾਰਾ ਧਨ ਮਾਲ ਪੈਦਾ ਕਰਦੇ ਹਨ, ਉਹ ਪਿੰਡਾਂ ਵਿੱਚ ਰਹਿ ਰਹੇ ਹਨ, ਪਰੰਤੂ ਉਥੇ ਜ਼ਿੰਦਗੀ ਨੂੰ ਆਰਾਮ ਅਤੇ ਖੁਸ਼ੀ ਦੇਣ ਵਾਲੀਆਂ ਵਸਤੂਆਂ ਪਹੁੰਚਿਆਂ ਮੁੱਕ ਜਾਂਦੀਆਂ ਹਨ । ਪੈਦਾ ਕਰਨ ਵਾਲੇ ਹੀ ਪੈਦਾਵਾਰ ਤੋਂ ਵਾਂਝੇ ਹਨ ।

ਹੁਣ ਅਸੀਂ ਇਹ ਵੀ ਵੇਖਣਾ ਹੈ ਕਿ ਸਪੱਸ਼ਟ ਰੂਪ ਵਿਚ ਇਹ ਵਰਗ ਅਗੋਂ ਕਿਵੇਂ ਵੰਡੇ ਗਏ ਹਨ। ਸਭ ਤੋਂ ਅਮੀਰ ਤੇ ਤੁੱਛ ਵਰਗ 99 ਫੀਸਦੀ ਉੱਚੀਆਂ ਜਾਤਾਂ ਵਿਚੋਂ ਹਨ । ਪਰੰਤੂ ਥਲੜਾ ਨਿਰਧਨ ਵਰਗ ਲਗਪਗ 85-90 ਫੀਸਦੀ ਨੀਵੀਆਂ ਜਾਤੀਆਂ 'ਚੋਂ ਹੈ । ਜਿਨ੍ਹਾਂ ਨੂੰ ਇਸ ਦੇਸ਼ ਵਿਚ ਅਛੂਤ, ਅਨੁਸੂਚਿਤ ਜਾਤੀਆਂ, ਅਛੂਤ ਅਨੁਸੂਚਿਤ ਕਬੀਲੇ ਅਤੇ ਪਛੜੀਆਂ ਜਾਤੀਆਂ ਕਿਹਾ ਜਾਂਦਾ ਹੈ । ਛੋਟਾ ਕਿਸਾਨ ਵੀ ਇਸੇ ਵਰਗ ਦਾ ਭਾਗ ਹੈ । ਇਸ ਤਰ੍ਹਾਂ ਸਾਰੇ ਦੇਸ਼ ਵਿਚ ਧੁਰ ਜੰਗਲਾਂ ਅਤੇ ਪਹਾੜਾਂ, ਸਮੁੰਦਰਾਂ ਤੀਕ ਫੈਲੇ ਲੋਕਾਂ ਨੂੰ ਦਲਿਤ ਵਰਗ ਕਿਹਾ ਜਾ ਸਕਦਾ ਹੈ । ਇਹ ਉਹ ਲੋਕ ਹਨ; ਜੋ ਉਪਰਲੀ ਸ਼ਰੇਣੀਆਂ ਦੇ, ਉੱਚੀਆਂ ਜਾਤਾਂ ਦੇ, ਅਮੀਰ ਲੋਕਾਂ ਅਤੇ ਤੀਜੇ ਮੱਧ ਵਰਗ ਦੇ ਛਾਪਾ ਮਾਰਾਂ ਵਲੋਂ ਲਤਾੜੇ ਤੇ ਪਛਾੜੇ ਗਏ ਹਨ । ਸਮਾਜਕ ਆਰਥਕ, ਧਾਰਮਕ ਤੇ ਰਾਜਨੀਤਕ ਸਾਰੇ ਖੇਤਰਾਂ ਅੰਦਰ ਹੀ ਇਹਨਾਂ ਨੂੰ ਵਗਾਰੀ ਕਾਮੇ ਬਣਾਇਆ ਹੋਇਆ ਹੈ । ਇਨ੍ਹਾਂ ਦੀ ਸਮੁੱਚੀ ਪੈਦਾਵਾਰ ਹੜੱਪ ਕਰ ਲਈ ਜਾਂਦੀ ਹੈ ਤੀਜੇ ਮਧ ਵਰਗ ਵਲੋਂ । ਕਿਸੇ ਵੀ ਤਬਦੀਲੀ ਲਈ ਸਭ ਤੋਂ ਖਤਰਨਾਕ ਜਮਾਤ ਹੈ ਤਾਂ ਉਹ ਹੈ ਇਹ ਤੀਜਾ ਮੱਧ ਵਰਗ ਜਿਸਨੇ ਤਬਦੀਲੀਆਂ ਦੇ ਸਾਰੇ ਰਾਹ ਮੱਲਕੇ, ਉਤਲੀ ਕਾਬਜ ਸ਼੍ਰੇਣੀ ਜੋ ਆਟੇ 'ਚ ਲੂਣ ਬਰਾਬਰ ਵੀ ਨਹੀਂ ਨੂੰ ਹਰ ਖਤਰੇ ਤੋਂ ਬਚਾਇਆ ਹੋਇਆ ਹੈ। ਜਿਸ ਦੇ ਇਵਜ਼ ਵਜੋਂ ਉਹ ਸਮਾਜ ਦੀਆਂ ਸਾਰੀਆਂ ਸੁਖ ਆਰਾਮ ਦੀਆਂ ਸਹੂਲਤਾਂ ਮਾਣ ਰਿਹਾ ਹੈ ਤੇ ਸਮਾਜ ਦੀਆਂ ਵਧੀਆ ਖਾਣ ਪੀਣ, ਪਹਿਨਣ ਦੀਆਂ ਵਸਤੂਆਂ ਹਜ਼ਮ ਕਰ ਰਿਹਾ ਹੈ ।

## ਪੁਸਤਕ ਰੀਵਿਊ

**ਅਲਵਿਦਾ ਨਹੀਂ ੦ ਭੂਪਿੰਦਰ**

ਪੰਨੇ 96, ਮੁੱਲ ਤੀਹ ਰੁਪਏ/ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ।

"ਅਲਵਿਦਾ ਨਹੀਂ" ਭੂਪਿੰਦਰ ਦਾ ਕਾਵਿ-ਸੰਗ੍ਰਹਿ ਉਸ ਸਮੇਂ 'ਚ ਉਪਜਿਆ ਕਾਵਿ-ਸੰਗ੍ਰਹਿ ਹੈ, ਜਦ ਪੰਜਾਬ ਦੀ ਹਵਾ 'ਚ ਘੁਲੀ ਗੰਧ ਬਦਅਮਨੀ, ਫਿਰਕਾ-ਪ੍ਰਸਤੀ ਤੇ ਦਹਿਸ਼ਤਵਾਦ ਦਾ ਬੋਲਬਾਲਾ ਸੀ। ਇਹ ਗੰਧਲਾ ਵਾਤਾਵਰਣ ਕੁਰਸੀ ਦੀ ਸਿਆਸਤ ਦੁਆਰਾ ਛੱਡੀ ਚੰਗਿਆੜੀ ਤੋਂ ਉੱਭਰ ਕੇ ਭਾਂਬੜ ਬਣ ਪੰਜਾਬ ਦੀ ਪੰਜਾਬੀਅਤ ਨੂੰ ਲੀਰੋ ਲੀਰ ਕਰਦਾ ਰਿਹਾ। ਇਹ ਅੰਨ੍ਹੀ ਸ਼ੈਤਾਨ ਸਿਆਸਤ ਨੇ ਆਪਣੀ ਕੁਰਸੀ ਲਈ ਸਦੀਆਂ ਤੋਂ ਚਲੇ ਆ ਰਹੇ ਭਾਈਚਾਰੇ ਵਿਚ ਧਰਮ ਦੀ ਐਸੀ ਵੰਡੀ ਪਾਈ ਕਿ ਆਪਣੇ ਉੱਚੇ ਸਦਾਚਾਰ ਵਾਲੇ ਵਿਰਸੇ ਏਕ ਪਿਤਾ ਏਕਸ ਕੇ ਹਮ ਬਾਰਕ ਦੇ ਸੰਕਲਪ ਨੂੰ ਤੋੜ ਭਰਾ ਦਾ ਭਰਾ ਵੈਰੀ ਹੋ ਗਿਆ। ਇਸ ਦੌਰ ਵਿਚ ਤਿੰਨ ਕਿਸਮ ਦੇ ਲੇਖਕ/ਕਵੀ ਨਜ਼ਰੀਂ ਪਏ ਹਨ। ਇਕ ਉਹ ਜੋ ਨਿਰੋਲ ਉਪਜੀ ਭਾਵਕਤਾ ਅਧੀਨ ਇਕੋ ਫਿਰਕੇ ਲਈ ਲਿਖਦੇ ਰਹੇ। ਦੂਸਰੇ ਉਹ ਚਾਹੁੰਦੇ ਤਾਂ ਸੀ ਸੱਚ ਤੇ ਵਿਗਿਆਨਕ ਸੋਚ ਅਨੁਸਾਰ ਲਿਖਣਾ ਪਰ ਆਪਣੀ ਜ਼ਮੀਰ ਦੀ ਖ਼ੁਦਕਸ਼ੀ ਕਰਦੇ ਰਹੇ, ਕਿਸੇ ਅਣਹੋਣੀ ਘਟਨਾ ਦੇ ਡਰੋਂ। ਤੀਸਰੇ ਉਹ ਜੋ ਵਿਗਿਆਨਕ ਨਜ਼ਰੀਏ ਨਾਲ ਧਰਮ ਤੇ ਨਿੱਜ ਤੋਂ ਉਪਰ ਉਠਕੇ ਸਮੁੱਚੇ ਭਾਈਚਾਰੇ ਲਈ ਲਿਖਦੇ ਰਹੇ। ਸਮੁੱਚੀ ਮਨੁੱਖਤਾ ਦੇ ਭਲੇ ਲਈ ਉਨ੍ਹਾਂ ਕਾਰਨਾਂ ਨੂੰ ਚਿਤਰਣ ਦਾ ਯਤਨ ਕਰਦੇ ਰਹੇ, ਜਿਹੜੇ ਗੰਦੀ ਸਿਆਸਤ ਆਪਣੇ ਹਿਤਾਂ ਲਈ ਵਰਤਦੀ ਸੀ। ਭੂਪਿੰਦਰ ਦੀ ਵਿਲੱਖਣਤਾ ਤੀਸਰੀ ਕਿਸਮ ਦੇ ਲੇਖਕਾਂ ਵਾਂਗ ਸ਼ਿੱਦਤ ਨਾਲ ਮਨੁੱਖੀ ਭਾਈਚਾਰੇ ਲਈ ਲਿਖੀ ਕਵਿਤਾ ਹੈ। ਉਸਨੇ ਉਪਭਾਵਕ ਹੋ ਕੇ ਮਗਰਮੱਛ ਦੇ ਹੰਝੂ ਵੀ ਨਹੀਂ ਕੇਰੇ ਸਗੋਂ ਇਸ ਖਿੱਚਾ ਧੂਹੀ ਦਾ ਵਿਸ਼ਲੇਸ਼ਣ ਕਰਦਾ ਨਜ਼ਰ ਆਇਆ ਹੈ।

ਇਹ ਕੇਹਾ ਯੁੱਧ ਦਾ ਮੈਦਾਨ ਹੈ/ਨਾ ਕਿਧਰੇ ਸਕੰਦਰ ਹੈ ਨਾ ਪੋਰਸ।

ਚਾਰੋਂ ਤਰਫ ਮਲਬੇ ਦੇ ਢੇਰ ਤੇ
ਫਫੇਕੁਟਣੀ ਦੇ ਹੰਝੂ

ਕੱਲਮ ਕੱਲਾ ਵਿਲਕ ਰਿਹਾ ਹੈ/—ਮਨੁੱਖ ਇਕ ਪ੍ਰਸ਼ਨ ਚਿੰਨ੍ਹ ਲਈ ਕਿ ਕਿਥੇ ਹੈ ਮੁਕਤੀ ਸੰਗਰਾਮ ਦੇ
ਯੁੱਧ ਦਾ ਮੈਦਾਨ ???—(ਯੁੱਧ ਦਾ ਮੈਦਾਨ)
ਤੁਹਾਡਾ ਇਕ ਪੈਰ ਬਾਰੂਦ ਦੇ ਢੇਰਾਂ ਤੇ ਹੈ
ਦੂਸਰਾ ਪ੍ਰਮਾਣੂ ਧਮਾਕੇ ਤੇ
ਹੱਥ 'ਚ ਫੜੀ ਪਾਣੀ ਦੀ ਗੜਵੀ ਦਾ ਕੀ ਕਰੋਗੇ ?
ਸੂਰਜ ਨੂੰ ਪਾਣੀ ਦੇਣ ਦਾ ਆਡੰਬਰ

ਭੂਪਿੰਦਰ ਅਜੋਕੇ ਰਾਜਨੀਤਕ ਢਾਂਚੇ ਨੂੰ ਬੜੇ ਕਟਾਖਸ਼ ਭਰੇ ਅੰਦਾਜ਼ ਨਾਲ ਬਿਆਨਦਾ ਹੈ ਕਿ ਕਿਵੇਂ ਉਹ ਲੋਕ ਧਰਮ ਦੀ ਆੜ ਲੈ ਕੇ ਸਿਰਫ ਕੁਰਸੀ ਲਈ ਵਸਦੇ ਰਸਦੇ ਘਰਾਂ ਨੂੰ ਉਜਾੜਦੇ ਹਨ।

ਹੁਣ ਉਹ ਆਉਣਗੇ/ਬੁੱਲ੍ਹਾਂ ਤੇ ਲੈ ਕੇ ਰੰਗੀਨ ਨਾਹਰੇ। ਹੱਥੀਂ ਫੜ ਕੇ ਰੰਗ ਬਰੰਗੇ ਪੋਸਟਰ/ਉਹ ਵੰਡਣਗੇ ਖ਼ੁਸ਼ਹਾਲੀ/ਤੇ ਗਰੀਬੀ ਹਟਾਓ ਵਰਗਾ ਪਲਾਓ।

ਭੁਖਿਆਂ ਨੰਗਿਆਂ ਵਿਚਕਾਰ (ਹੁਣ ਉਹ ਆਉਣਗੇ)
ਅਖਬਾਰ ਹਨ—ਲਾਸ਼ਾਂ ਗਿਣਦੇ
ਤੇ ਨੇਤਾ ਹਨ—ਸਭ ਤੋਂ ਬੇਖਬਰ
ਸਿਰਫ ਵੋਟਾਂ ਗਿਣਦੇ

ਜਾਂ ਕੁਰਸੀ ਦੀਆਂ ਢਿੱਲੀਆਂ ਚੂਲਾਂ ਕਸਦੇ (ਸ਼ਹਿਰ ਉਦਾਸ ਹੈ)

ਚੁਣਿਆਂ ਜਿਸ ਨੂੰ ਆਗੂ ਸੀ ਮੈਂ ਵੋਟਾਂ ਨਾਲ।
ਤੋਲਿਆ ਉਸਨੂੰ ਕੰਮ ਪੈਣ ਤੇ ਨੋਟਾਂ ਨਾਲ।

ਤੇ ਇਸ ਤਰ੍ਹਾਂ ਉਹ ਸਿਆਸਤਦਾਨਾਂ ਦੀਆਂ ਕੋਝੀਆਂ ਹਰਕਤਾਂ ਨੂੰ ਬੜੇ ਵਧੀਆ ਢੰਗ ਨਾਲ ਬਿਆਨਦਾ ਹੋਇਆ ਦਸਦਾ ਹੈ ਕਿ ਕਿਸ ਤਰ੍ਹਾਂ ਟੋਪੀ-ਪਗੜੀ, ਕ੍ਰਿਪਾਨ ਤ੍ਰਿਸ਼ੂਲ, ਗਊ ਦੀ ਪੂਛ ਤੇ ਸਿਗਰਟ ਦੇ ਟੋਟਿਆਂ ਨਾਲ ਇਹ ਲੋਕ ਭਰਾਵਾਂ ਨੂੰ ਭਰਾਵਾਂ ਨਾਲੋਂ ਤੋੜਦੇ ਰਹੇ।

ਉਹ ਸਿਰਫ਼ ਯਥਾਰਥ ਦਾ ਚਿਤਰਣ ਹੀ ਨਹੀਂ ਕਰਦਾ, ਸਗੋਂ ਇਕ ਆਦਰਸ਼ ਰੂਪ ਵਿਚ ਰਾਹ ਦਸਦਾ ਵੀ ਦਿਸਦਾ ਹੈ, ਜਦੋਂ ਉਹ ਕਹਿੰਦਾ ਹੈ—ਤੇ ਕਦ ਤੱਕ ਪਾਵਾਂਗੇ ਵੰਡੀਆਂ/ਧਰਮਾਂ ਦੇ ਨਾਂ ਹੇਠ।

ਚਲੋ ਇਕ ਵਾਰ ਫੇਰ ਤੁਰੀਏ/ਮਘਦੇ ਸੂਰਜ ਦਾ ਇਤਿਹਾਸ ਲੈ ਕੇ/ਇਹ ਵਿਸ਼ਵਾਸ ਲੈ ਕੇ/ਕੋਈ ਕਦਮ ਪੁਟੋ ਯਾਰੋ/ਕਿ ਮੰਜ਼ਿਲ ਖੁਦ ਟੁਰੇ/ਇੰਜ ਬੈਠੇ ਬੈਠੇ ਤਾਂ/ਖੁਰ ਜਾਵਾਂਗੇ ਅਸੀਂ (ਕੋਈ ਗੱਲ ਕਰੋ ਯਾਰੋ)

ਚੱਲ ਇਕ ਵਾਰ ਫੇਰ ਚੀਕ ਬਣ ਜਾਈਏ।
ਸੁੰਨ ਖਿਲਾਅ ਨੂੰ ਤੋੜਨ ਲਈ (ਚਲੋ ਮਨਾ)
ਰੁੱਖ ਜੋ ਸੜੇ ਸਨ ਨੰਗੇ ਪਿੰਡੇ।
... ... ... ... ...

ਤੇ ਗਏ ਸਨ ਕਿ ਸੋਚ ਨਾ ਮਰੇ/ਸੰਘਰਸ਼ ਨਾ ਖੜੇ/ ਜੰਗ ਜਾਰੀ ਰਹੇ।

ਇਸ ਤਰ੍ਹਾਂ ਭੂਪਿੰਦਰ ਆਪਣੀ ਕਵਿਤਾ ਵਿਚ ਹਾਰੇ ਹੁਟੇ, ਰੋਣ ਧੋਣ ਤੇ ਬੇਵਸੀ ਨੂੰ ਛੱਡ ਕੁਝ ਕਰ ਗੁਜ਼ਰਨ ਲਈ ਲਕੀਰ ਖਿੱਚਦਾ ਹੈ। ਬੈਠੇ ਬੈਠੇ ਖੁਰ ਜਾਣ ਤੋਂ ਉਲਟ ਪ੍ਰਸਥਿਤੀਆਂ ਨਾਲ ਟਕਰਾਅ ਦੀ ਵਿਧੀ

ਭੈੜੇ ਵਕਤ ਦੇ ਰੁਕਣ ਤੇ ਉਸਦੇ ਗੁਜ਼ਰ ਜਾਣ ਦਾ ਭਰੋਸਾ ਪੈਦਾ ਕਰਦੀ ਹੈ। ਇਹ ਮਰੂੰ ਮਰੂੰ ਕਰਦੇ ਜੀਵਾਂ ਨੂੰ ਸਵੀਕਾਰ ਨਹੀਂ ਕਰਦਾ ਸਗੋਂ ਇਸ ਦੇ ਵਿਰੋਧ ਵਿਚ ਮੱਚਦੇ ਭਾਂਬੜ ਵਰਗੇ ਜੀਵਨ ਦੀ ਵਕਾਲਤ ਕਰਦਾ ਹੈ।

ਇਸ ਕਾਵਿ ਸੰਗ੍ਰਹਿ ਵਿਚ ਭੂਪਿੰਦਰ ਆਪਣੇ ਆਪ ਵਿਚ ਹੀ ਸਾਡੇ ਤੇ ਇਕ ਪ੍ਰਸ਼ਨ ਚਿੰਨ੍ਹ ਸੁਟਦਾ ਹੈ ਕਿ ਇਸ ਕੁਰਸੀ ਦੀ ਲੜਾਈ ਜਾਣਦੇ ਹੋਏ ਵੀ ਆਪਾਂ ਇਸ ਵਿਚ ਕਿਉਂ ਸ਼ਰੀਕ ਹੁੰਦੇ ਹਾਂ। ਧਰਮ ਦੇ ਨਾਂ ਤੇ ਜਨੂੰਨੀ ਕਿਉਂ ਹੋ ਜਾਂਦੇ ਆਂ ਨਾ ਚਾਹੁੰਦੇ ਹੋਏ ਵੀ। 'ਸ਼ੀਸ਼ੇ ਦਾ ਜੰਗਲ' ਅਤੇ 'ਕੁਝ ਵੀ ਨਹੀਂ ਵਿਗੜਿਆ' 'ਦਰਿਆ ਵਗਦਾ ਰਹਿਣ ਦਿਓ', ਕਵਿਤਾਵਾਂ ਉਪਰੋਕਤ ਤੱਥ ਦੀ ਪੁਸ਼ਟੀ ਕਰਦੀਆਂ ਹਨ।

ਕਿਤੇ ਕਿਤੇ ਇਸ ਕਾਵਿ ਸੰਗ੍ਰਹਿ ਵਿਚ ਰੋਮਾਂ-ਟਿਕਤਾ ਦੀ ਝਲਕ ਵੀ ਸਾਫ਼ ਦਿਖਾਈ ਦਿੰਦੀ ਹੈ ਜੋ ਕਿ ਗੈਰ ਕੁਦਰਤੀ ਨਹੀਂ ਕਿਉਂਕਿ ਕਵੀ ਦੇ ਅੰਤਰੀਵ ਵਿਚ ਬੈਠੀ ਪਿਆਰ ਦੀ ਚਿਣਗ ਜਿਸਨੇ ਉਸਨੂੰ ਤੀਜੇ ਕਾਵਿ-ਸੰਗ੍ਰਹਿ ਤੱਕ ਪਹੁੰਚਾਇਆ, ਦਿਸਣੀ ਸੁਭਾਵਕ ਹੈ। ਉਦਾਹਰਣ ਲਈ ਹੇਠ ਲਿਖੀਆਂ ਸਤਰਾਂ—

"ਨਾ ਬਣਦੀ ਜੀਵਨ ਜੋਤ ਤੂੰ/ਕਦੇ ਨਾ ਮਹਿਕਦਾ ਗੁਲਸ਼ਨ/ਕਾਲੇ ਕੋਹਾਂ ਤੋਂ ਪਰ੍ਹੇ-ਮੈਂ ਕਦ ਦਾ ਮਰ ਗਿਆ ਹੁੰਦਾ। (ਜੇ)

ਤੂੰ ਤੇ ਇਕ ਬਣਿਆ ਬਣਾਇਆ/ਘਰ ਸੀ/ਇਸੇ ਲਈ ਮੇਰੀ ਭਾਲ/ਤੇਰੀ ਸਰਦਲ ਸੀ-(ਤਲਾਸ਼ ਇਕ ਘਰ ਦੀ)

"ਮਹਿਕ ਬਣਕੇ ਤੇਰਿਆਂ ਰਾਹਾਂ 'ਚ ਘੁਲ ਜਾਵਾਂਗਾ ਮੈਂ—(ਗ਼ਜ਼ਲ)

ਤੇ ਅੰਤ ਵਿਚ ਭੂਪਿੰਦਰ ਦੀ ਇਸ ਕਵਿਤਾ 'ਅਲਵਿਦਾ ਨਹੀਂ' ਜਿਸ ਵਿਚ ਉਹ ਖੁਦ ਵੀ ਤੇ ਯਾਰਾਂ ਨੂੰ ਵੀ ਅਲਵਿਦਾ ਨਹੀਂ ਕਹਿੰਦਾ, ਸਗੋਂ ਖੁਸ਼ਗਵਾਰ ਮੌਸਮ ਦੀ ਚੇਸ਼ਟਾ ਕਰਦਾ ਹੈ—ਲਈ ਮੁਬਾਰਕਵਾਦ।

"ਨਹੀਂ ਯਾਰੋ ਨਹੀਂ/ਅਲਵਿਦਾ ਨਹੀਂ/ਅਸੀ ਫਿਰ ਮਿਲਾਂਗੇ।

ਪਹਿਲਾਂ ਮੌਸਮ ਸਾਫ਼ ਕਰ ਲਈਏ।

ਫਿਲਹਾਲ ਅਲਵਿਦਾ ਨਹੀਂ।"

—ਨਰਿੰਦਰ ਧਾਲੀਵਾਲ

## ਅਮਰੀਕੀ ਸ਼ਹਿਰ ਸਾਨਫਰਾਂਸਿਸਕੋ ਵਿਚ ਭਾਰਤੀ ਹਕੂਮਤ ਦੀ ਦਹਿਸ਼ਤ-ਗਰਦੀ ਤੇ ਖਾਲਿਸਤਾਨੀ ਆਦਮਖੋਰਾਂ ਵਿਰੁੱਧ ਮੁਜ਼ਾਹਰਾ (ਇਕ ਰਿਪੋਰਟ)

ਵਿਦੇਸ਼ੀਂ ਵਸਦੇ ਪੰਜਾਬੀਆਂ ਵਿਚ ਹਕੂਮਤੀ ਜਬਰ ਤੇ ਹਰ ਵੰਨਗੀ ਦੇ ਫਿਰਕਾਪ੍ਰਸਤਾਂ ਵਿਰੁੱਧ ਉਠ ਰਹੀ ਲੋਕ ਆਵਾਜ਼ ਨੇ ਇਕ ਨਵੀਂ ਸਿਖਰ ਛੋਹੀ, ਜਦ ਸਾਨਫਰਾਂ-ਸਿਸਕੋ ਵਿਚ ਕੈਲੇਫੋਰਨੀਆ ਸਟੇਟ ਦੇ ਵੱਖ ਵੱਖ ਭਾਗਾਂ ਤੋਂ ਜੁੜੇ ਪੰਜਾਬੀਆਂ ਨੇ ਸ਼ਹਿਰ ਦੀਆਂ ਸੜਕਾਂ ਉਤੇ ਰੋਹ ਭਰੇ ਨਾਹਰੇ ਮਾਰਦੇ ਹੋਏ ਇਕ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਚਾਰ ਜਨਵਰੀ 1987 ਦੇ ਮੀਂਹ ਵਾਲੇ ਐਤਵਾਰ ਵੱਖ ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ 150 ਤੋਂ ਵੱਧ ਇਸਤਰੀਆਂ ਮਰਦਾਂ ਨੇ ANTI '47 FRONT ਵੱਲੋਂ ਆਯੋਜਿਤ ਇਸ ਮੁਜ਼ਾਹਰੇ ਵਿਚ ਭਾਗ ਲਿਆ।

ਮੁਜ਼ਾਹਰੇ ਤੋਂ ਪਹਿਲਾਂ ਗ਼ਦਰ ਪਾਰਟੀ ਦੇ ਜੁਗਾਂਤਰ ਆਸ਼ਰਮ (ਹੁਣ ਗ਼ਦਰ ਮੈਮੋਰੀਅਲ ਹਾਲ) ਉਤੇ ਇਕ ਰੈਲੀ ਹੋਣੀ ਮਿਥੀ ਗਈ ਸੀ ਪਰ ਐਨ ਮੌਕੇ ਤੇ ਜਾ ਕੇ ਭਾਰਤੀ ਕੌਂਸਲੇਟ ਨੇ ਮੁਜ਼ਾਹਰਾਕਾਰੀਆਂ ਨੂੰ ਗ਼ਦਰ ਮੈਮੋਰੀਅਲ ਵਿਚ ਦਾਖਲੇ ਤੋਂ ਮਨਾਹੀ ਕਰ ਦਿੱਤੀ ਗਦਰ ਮੈਮੋਰੀਅਲ ਦੇ ਸਾਹਮਣੇ ਵਰ੍ਹਦੇ ਮੀਂਹ ਵਿਚ ਇਕੱਠੇ ਹੋ ਰਹੇ ਪ੍ਰਦਰਸ਼ਨਕਾਰੀ ਫਿਰਕਾਪ੍ਰਸਤ ਭਾਰਤ ਸਰਕਾਰ ਅਤੇ ਖਾਲਿਸਤਾਨੀ ਕਾਤਲਾਂ ਵਿਰੁੱਧ ਨਾਹਰੇ ਗੁੰਜਾਉਂਦੇ ਰਹੇ।

ਇਹ ਪ੍ਰਦਰਸ਼ਨ ਐਂਟੀ ਫੋਰਟੀ ਸੈਵਨ ਵਲੋਂ ਵਿਉਂਤਿਆ ਗਿਆ ਸੀ ਜਿਸ ਦਾ ਨਾਂ ਹੀ ਸਪੱਸ਼ਟ ਕਰਦਾ ਹੈ ਕਿ ਧਰਮ ਦੇ ਅਧਾਰ ਉਤੇ 1947 ਵਿਚ ਹੋਈ ਭਾਰਤ ਦੀ ਵੰਡ ਵੇਲੇ ਫਿਰਕੂ ਨਫਰਤ ਤੇ ਅਣਮਨੁੱਖੀ ਕਤਲੋ-ਗਾਰਤ ਦਾ ਜੋ ਸੰਤਾਪ ਹਿੰਦੂ ਸਿੱਖਾਂ ਤੇ ਮੁਸਲਮਾਨਾਂ ਨੂੰ ਹੰਢਾਉਣਾ ਪਿਆ ਸੀ, ਇਹ ਸੰਸਥਾ ਉਸ ਨੂੰ ਦੁਹਰਾਏ ਜਾਣ ਦੀਆਂ ਅਜੋਕੀਆਂ ਮੰਦਭਾਵੀ ਕੋਸ਼ਿਸ਼ਾਂ ਵਿਰੁੱਧ ਹੋਂਦ ਵਿਚ ਆਈ ਹੈ।

ਪੌਣੇ ਦੋ ਮੀਲ ਦੇ ਜਲੂਸ ਪੰਧ ਉਤੇ ਪ੍ਰਦਰਸ਼ਨ-ਕਾਰੀਆਂ ਦਾ ਜੋਸ਼ ਅਤੇ ਗੁੱਸਾ ਵੇਖਿਆਂ ਹੀ ਬਣਦਾ ਸੀ। ਅੰਗਰੇਜ਼ੀ, ਪੰਜਾਬੀ, ਹਿੰਦੀ ਤੇ ਉਰਦੂ ਵਿਚ ਲਿਖੇ ਹੋਏ ਮਾਟੋ ਰਾਹ ਗੁਜ਼ਰੂਆਂ ਦਾ ਧਿਆਨ ਖਿੱਚ ਰਹੇ ਸਨ। ਟੈਲੀਵੀਜ਼ਨ ਅਤੇ ਪ੍ਰੈਸ ਵਾਲਿਆਂ ਲਈ ਇਹ ਮੁਜ਼ਾਹਰਾ ਕਈ ਪੱਖਾਂ ਤੋਂ ਵਿਸ਼ੇਸ਼ ਦਿਲਚਸਪੀ ਦਾ ਕੇਂਦਰ ਸੀ। ਇਕ ਅਖਬਾਰ—ਨਵੀਸ ਨੇ ਪਹਿਲਾਂ ਇਸ ਨੂੰ ਭਾਰਤੀ ਹਿੰਦੂਆਂ ਵੱਲੋਂ ਸਿੱਖਾਂ ਵਿਰੁੱਧ ਪ੍ਰਦਰਸ਼ਨ ਖਿਆਲ ਕੀਤਾ ਸੀ, ਪਰ ਮੁਜ਼ਾਹਰੇ ਵਿਚ ਸਿੱਖਾਂ ਦੀ ਭਾਰੀ ਸ਼ਮੂਲੀਅਤ ਦੇਖ ਕੇ ਉਸ ਨੂੰ ਬੜੀ ਹੈਰਾਨੀ ਹੋਈ। ਹੋਰ ਵੀ ਬਹੁਤੇ ਅੰਗਰੇਜ਼ੀ ਪੱਤਰਕਾਰ ਜਿਹੜੇ ਪਹਿਲਾਂ ਸਾਰੇ ਹੀ ਸਿੱਖਾਂ ਨੂੰ ਖਾਲਿਸਤਾਨੀ ਰੌਂਅ ਦੇ ਅਸਰ ਹੇਠ ਸਮਝਦੇ ਰਹੇ ਸਨ, ਨਾਹਰਿਆਂ ਦੀ ਮਾਨਵਵਾਦੀ ਅਤੇ ਸਿਆਸੀ ਦੰਭ ਵਿਰੁੱਧ

ਇੰਡੀਅਨ ਕਾਂਸਲੇਟ ਦੇ ਦਫਤਰ ਅੱਗੇ ਪਹੁੰਚ ਕੇ ਬੁਲਾਰਿਆਂ ਵੱਲੋਂ ਤਕਰੀਰਾਂ ਸ਼ੁਰੂ ਹੋਈਆਂ। ਪ੍ਰੋ: ਸਵਰਨ ਕੌਰ ਗਿੱਲ ਨੇ ਆਪਣੀ ਤਕਰੀਰ ਵਿਚ ਸਾਧਾਰਣ ਭਾਰਤੀ ਲੋਕਾਂ ਵੱਲੋਂ ਹੰਢਾਏ ਜਾ ਰਹੇ ਫਿਰਕੂ-ਨਫਰਤ ਦੇ ਇਸ ਸੰਤਾਪ ਦੀ ਮੁੱਖ ਜ਼ੁੰਮੇਂਵਾਰੀ ਕੇਂਦਰ ਸਰਕਾਰ ਤੇ ਸੁੱਟਦਿਆਂ ਸਪੱਸ਼ਟ ਕੀਤਾ ਕਿ ਸਿੱਖਾਂ ਹਿੰਦੂਆਂ ਜਾਂ ਮੁਸਲਮਾਨਾਂ ਨੂੰ ਆਪੋ ਵਿਚ ਲੜਾਉਣ ਵਾਲੀ ਕਾਲੀ ਸਿਆਸਤ ਵਿਰੁੱਧ ਜਦ ਤੱਕ ਆਮ ਲੋਕਾਂ ਨੂੰ ਜਾਗਰਿਤ ਨਹੀਂ ਕੀਤਾ ਜਾਦਾ, ਭਾਰਤ ਦੇ ਪਿੰਡੇ 'ਚੋਂ ਓਦੋਂ ਤੱਕ ਇੰਝ ਹੀ ਖ਼ੂਨ ਰਿਸਦਾ ਰਹੇਗਾ। ਸਿੱਖ ਧਰਮ ਦੇ ਨਾਂ ਉਤੇ ਪੰਜਾਬ ਨੂੰ ਬੁਚੜਖਾਨੇ ਵਿਚ ਤਬਦੀਲ ਕਰਨ ਵਾਲੀ ਲਾਹਨਤੀ ਖਾਲਿਸਤਾਨੀ ਲਹਿਰ ਕਾਂਗਰਸ ਅਤੇ ਅਕਾਲੀਆਂ ਦੇ ਕੁਰਸੀ ਯੁੱਧ ਦੀ ਪੈਦਾਵਾਰ ਹੈ।

ਇਕ ਹੋਰ ਬੁਲਾਰੇ ਪ੍ਰੋ: ਸੁਖਵਿੰਦਰ ਕੰਬੋਜ ਨੇ ਸਪਸ਼ਟ ਕੀਤਾ ਕਿ ਭਾਰਤ ਦੀਆਂ ਹਾਕਮ ਜਮਾਤਾ ਆਰਥਕ ਸਿਆਸੀ ਸੰਕਟ ਨੂੰ ਧੁੰਦਲਾਉਣ ਲਈ ਫਿਰਕਾ-ਪ੍ਰਸਤੀ ਦੀ ਇਕ ਹਥਿਆਰ ਵਜੋਂ ਵਰਤੋਂ ਕਰ ਰਹੀਆਂ ਹਨ।

ਕਾਂਸਲੇਟ ਵਾਲੇ ਮੰਗ ਪੱਤਰ ਲੈਣ ਲਈ ਆਏ। ਪਰ ਮੁਜ਼ਾਹਰਾਕਾਰੀਆਂ ਦਾ ਜਵਾਬ ਸੀ ਕਿ "ਜਿਸ ਸਰਕਾਰ ਦੇ ਹੱਥ ਹਜ਼ਾਰਾਂ ਬੇਗੁਨਾਹਾਂ ਲੋਕਾਂ ਦੇ ਖ਼ੂਨ ਨਾਲ ਲਿੱਬੜੇ ਹੋਏ ਹਨ, ਜਿਸ ਦੀਆਂ ਨੀਤੀਆਂ ਦਾ ਖਾਲਿਸ-ਤਾਨੀ ਕਾਤਲਾਂ ਨੂੰ ਖੇਲ੍ਹ ਖੇਡਣ ਦੇਣ ਪਿਛੇ ਹੱਥ ਹੈ, ਉਸ ਸਰਕਾਰ ਦੇ ਨੁਮਾਇੰਦੇ ਦੇ ਹੱਥਾਂ ਵਿਚ ਮੰਗ ਪੱਤਰ ਦੇਣੇ ਵਿਅਰਥ ਹਨ। ਅਸੀਂ ਆਪਣਾ ਕੇਸ ਭਾਰਤ ਅਤੇ ਦੁਨੀਆਂ ਦੇ ਲੋਕਾਂ ਸਾਹਮਣੇ ਰੱਖਦੇ ਹਾਂ।

ਸੁਰ ਤੋਂ ਬੇਹੱਦ ਪ੍ਰਭਾਵਤ ਹੋ ਰਹੇ ਸਨ। ਪ੍ਰੈਸ ਦੇ ਕੁਝ ਨੁਮਾਇੰਦੇ ਫਰੰਟ ਦੇ ਆਗੂਆਂ ਤੋਂ ਉਦੇਸ਼ ਬਾਰੇ ਜਾਣ-ਕਾਰੀ ਲੈ ਰਹੇ ਸਨ ਅਤੇ ਕੁਝ ਵਿਚੋ ਵਿਚ ਮੁਜ਼ਾਹਰਾ-ਕਾਰੀਆਂ ਦੇ ਨਾਲ ਤੁਰਦੇ ਹੋਏ ਉਨ੍ਹਾਂ ਦੇ ਹੱਥੀਂ ਫੜੇ ਹੋਏ ਮਾਟੋਆਂ ਦਾ ਅਰਥ ਤੇ ਪ੍ਰਸੰਗਕਤਾ ਪੁੱਛ ਰਹੇ ਸਨ। ਸੱਤਰ ਤੋਂ ਵੱਧ ਨਾਹਰਿਆਂ ਵਿਚੋਂ ਕੁਝ ਇਸ ਤਰ੍ਹਾਂ ਸਨ :

"ਫਿਰਕੂ ਜਨੂੰਨੀਓ ! ਇਤਿਹਾਸ ਦਾ ਕੂੜੇਦਾਨ ਤੁਹਾਨੂੰ ਉਡੀਕ ਰਿਹਾ ਹੈ।"

"ਡਾਊਨ ਵਿਦ ਇੰਡੀਅਨ ਗੌਰਮੈਂਟ, ਡਾਊਨ ਵਿਦ ਖਾਲਿਸਤਾਨ"

"ਦਿੱਲੀ ਸਿੱਖ ਕਤਲਾਮ ਦੇ ਦੋਸ਼ੀਆਂ ਨੂੰ ਫਾਹੇ ਲਾਓ"

"ਜਗਦੀਸ਼ ਟਾਈਟਲਰ, ਕੇ. ਐਲ. ਭਗਤ ਦੀ ਅਸਲੀ ਥਾਂ ਵਜ਼ਾਰਤ ਨਹੀਂ,ਫਾਂਸੀ ਦੀ ਕੋਠੜੀ ਹੈ।"

"ਹਿੰਦੂ ਮੁਸਲਿਮ ਸਿੱਖਾਂ ਵਿਚ ਕੋਈ ਵੈਰ ਨਹੀਂ, ਜਿਹੜਾ ਵੀ ਫੁੱਟ ਪਾਵੇ ਉਸਦੀ ਖੈਰ ਨਹੀਂ।"

"ਸਮੈਸ਼ ਦੀ ਕਾਂਸਪਾਇਰੇਸੀ ਆਫ ਇੰਡੀਅਨ ਗਵਰਨਮੈਂਟ ਟੂ ਡੀਵਾਈਡ ਐਂਡ ਰੂਲ"

ਇਨ੍ਹਾਂ ਵਿਚੋਂ ਇਕ ਨਾਹਰਾ "ਖਾਲਿਸਤਾਨੀ ਕਾਂਗਰਸ ਕੁੱਛੜ, ਉਹ ਵੀ ਬੁੱਚੜ-ਉਹ ਵੀ ਬੁੱਚੜ" ਕਈ ਵਾਰ ਲਗਾਤਾਰ ਪੰਜ ਪੰਜ ਮਿੰਟ ਚੱਲ ਰਿਹਾ ਸੀ। ਮੁਜ਼ਾਹਰਾਕਾਰੀਆਂ ਦਾ ਅਥਾਹ ਜੋਸ਼ ਉਨ੍ਹਾਂ ਵੱਲੋਂ ਮਿੰਟਾਂ ਬੱਧੀ ਲਗਾਤਾਰਤਾ ਨਾਲ ਲਾਏ ਜਾ ਰਹੇ ਨਾਹਰਿਆਂ ਤੋਂ ਡੁੱਲ੍ਹ ਡੁਲ੍ਹ ਪੈਂਦਾ ਸੀ, "ਕਬਰਸਤਾਨ ਜਾਂ ਖਾਲਸਿਤਾਨ ਜਿਉਂਦੇ ਜੀਅ ਕੀਹਨੂੰ ਪ੍ਰਵਾਨ" "ਫਿਰਕੂ ਸਰਕਾਰ ਦੇ ਖੂਨੀ ਕੁੱਤੇ ਬਚ ਕੇ ਜਾਣ ਨੀ ਦੇਣੇ ਸੁੱਕੇ", "ਲੋਕ ਜਮਹੂਰੀ ਏਕਤਾ ਜ਼ਿੰਦਾਬਾਦ"।

**ਟੇਕ ਗਿੱਲ**
**ਬੇਕਰਸਫੀਲਡ, ਕੈਲੇਫੋਰਨੀਆ**

## ਹਕੂਮਤੀ ਦਹਿਸ਼ਤਗਰਦੀ ਅਤੇ ਫ਼ਿਰਕਾਪ੍ਰਸਤੀ ਵਿਰੁੱਧ ਮੁਜ਼ਾਹਰੇ ਦੇ ਮਕਸਦ ਬਾਰੇ

ਅਸੀਂ ਇਹ ਜਾਣ ਚੁੱਕੇ ਹਾਂ ਕਿ ਫ਼ਿਰਕਾਪ੍ਰਸਤੀ ਦੀ ਸਮੱਸਿਆ ਨੇ ਸਾਡੇ ਦੇਸ਼ ਅੰਦਰ, ਖਾਸ ਕਰਕੇ ਪੰਜਾਬ ਅਤੇ ਹੋਰਨਾਂ ਖੇਤਰਾਂ ਵਿਚ ਵੀ ਘੱਟ ਗਿਣਤੀਆਂ ਦਾ ਜੀਣਾ ਦੁੱਭਰ ਕੀਤਾ ਪਿਆ ਹੈ। ਕਤਲਾਮ ਰੋਜ਼ ਦੀ ਗੱਲ ਬਣੀ ਪਈ ਹੈ। ਅਸੀਂ ਇਸ ਦੁਖਾਂਤ ਨੂੰ ਕਿਸੇ ਬਾਹਰਲੀ ਤਾਕਤ ਦੀ ਦਖ਼ਲਅੰਦਾਜ਼ੀ ਤੋਂ ਉਪਜਿਆ ਸੰਤਾਪ ਨਹੀਂ ਸਮਝਦੇ। ਸਗੋਂ ਇਸ ਦੀ ਜੜ੍ਹ ਭਾਰਤ ਦੀਆਂ ਖੁਦਗਰਜ਼ ਪਾਰਲੀਮਾਨੀ ਪਾਰਟੀਆਂ ਨੂੰ ਜਾਣਦੇ ਹਾਂ ਜੋ ਆਪਣੀ ਵੋਟਾਂ ਦੀ ਯੁੱਧਨੀਤੀ ਲਈ ਵੱਖ ਵੱਖ ਧਰਮਾਂ ਦੇ ਲੋਕਾਂ ਨੂੰ ਉਕਸਾਉਂਦੀਆਂ ਰਹਿੰਦੀਆਂ ਹਨ ਤੇ ਲੋੜ ਪੈਣ ਤੇ ਇਕ ਵੱਲੋਂ ਦੂਜੀ ਨੂੰ ਦਬਾਉਣ ਦਾ ਅਮਲ ਸਰਗਰਮ ਕਰ ਦਿੰਦੀਆਂ ਹਨ। ਇਸ ਸਮੱਸਿਆ ਦਾ ਸਥਾਈ ਹੱਲ ਸਮੁੱਚੀ ਲੋਕਾਈ ਨੂੰ ਜਮਹੂਰੀ ਤੌਰ ਤੇ ਚਿੰਤਨ ਕਰਨ ਤੋਂ ਛੁੱਟ ਹੋਰ ਕੋਈ ਨਹੀਂ।

ਪੰਜਾਬ ਸਮੱਸਿਆ ਅਸਲ ਵਿਚ ਕਾਂਗਰਸ ਅਤੇ ਅਕਾਲੀ ਦਲ ਦੀ ਖੇਤਰੀ ਖੁਦ ਮੁਖਤਿਆਰੀ ਲਈ ਜਨਤਕ ਪ੍ਰਭਾਵ ਦੀ ਖੋਹ ਖਿੰਝ ਤੋਂ ਵਜੂਦ ਵਿਚ ਆਈ ਹੈ। ਪਿਛਲੇ ਸਾਲਾਂ ਦੇ ਨਰਕੀ ਮਹੌਲ ਲਈ ਤੇ ਹਿੰਦੂ ਸਿੱਖ ਭਾਈਚਾਰਿਆਂ ਵਿਚ ਲੰਮ ਚਿਰੀ ਤ੍ਰੇੜ ਪਾਉਣ ਲਈ ਮੁੱਖ ਗੁਨਾਹਗਾਰ ਇਨ੍ਹਾਂ ਪਾਰਟੀਆਂ ਦੀਆਂ ਫ਼ਿਰਕੂ ਨੀਤੀਆਂ ਹੀ ਹਨ। ਇਸ ਲਈ ਹਾਲਤ ਸੁਧਾਰਨ ਵਾਸਤੇ ਇਨ੍ਹਾਂ ਹੀ ਦੋਸ਼ੀ ਸਿਆਸਤਦਾਨਾਂ ਅੱਗੇ ਮੰਗ ਪੱਤਰ ਰੱਖਣੇ

ਵਿਅਰਥ ਹਨ ।

ਫਿਰ ਵੀ ਜੇ ਇਨ੍ਹਾਂ ਨਿੱਕੀਆਂ ਨਿੱਕੀਆਂ ਲੋਕ ਮੰਗਾਂ ਵੱਲ ਧਿਆਨ ਦਿਤਾ ਜਾਵੇ ਤਾਂ ਮੌਜੂਦਾ ਸੰਤਾਪੀ ਮਹੌਲ ਕਾਫੀ ਹੱਦ ਤਾਈਂ ਸੁਖਾਵਾਂ ਹੋ ਸਕਦਾ ਹੈ ।

o ਸਾਧਾਰਣ ਸਿੱਖ ਸੋਚ ਨੂੰ ਹਰਮੰਦਰ ਸਾਹਿਬ ਦੇ ਹਮਲੇ ਤੋਂ ਵੀ ਵੱਧ ਦਿੱਲੀ ਦੇ ਸਿੱਖ ਕਤਲਾਮ ਨੇ ਜ਼ਖ਼ਮੀ ਕਰਨਾ ਹੈ। ਦਿੱਲੀ ਕਤਲਾਮ ਦੀ ਪੜਤਾਲ ਕਰਕੇ ਵਿਸ਼ੇਸ਼ ਅਦਾਲਤਾਂ ਰਾਹੀਂ ਇਹਦੇ ਮੁਜਰਮਾਂ ਨੂੰ ਸਜ਼ਾਵਾਂ ਕਿਉਂ ਨਹੀਂ ਦੇ ਹੁੰਦੀਆਂ ?

o ਮਿਸ਼ਰਾ ਰਿਪੋਰਟ ਲੋਕਾਂ ਸਾਹਮਣੇ ਅਤੇ ਕਾਨੂੰਨੀ ਅਮਲ ਵਿਚ ਕਿਉਂ ਨਹੀਂ ਲਿਆਂਦੀ ਜਾ ਸਕਦੀ ?

o P U C.C ਤੇ ਹੋਰ ਮਾਨਵੀ ਅਧਿਕਾਰਾਂ ਨਾਲ ਸਬੰਧਤ ਜਥੇਬੰਦੀਆਂ ਦਿੱਲੀ ਵਿਚ ਸਿੱਖ ਕਤਲਾਮ ਦੇ ਦੋਸ਼ੀਆਂ ਦੀ ਸਪਸ਼ਟ ਨਿਸ਼ਾਨਦੇਹੀ ਕਰ ਚੁੱਕੀਆਂ ਹਨ । ਇਸ ਤੇ ਅਧਾਰਤ ਐਕਸ਼ਨ ਕਿਉਂ ਨਹੀਂ ਲਿਆ ਜਾਂਦਾ ?

o ਭਾਵੇਂ ਅਸੀਂ ਚੰਡੀਗੜ੍ਹ ਦੇ ਮਸਲੇ ਨੂੰ ਉਚਿਤ ਨਹੀਂ ਸਮਝਦੇ ਪਰ ਸਾਲਾਂ ਬੱਧੀ ਇਸ ਨੂੰ ਪੰਜਾਬ ਸਮੱਸਿਆ ਨਾਲ ਜੋੜੇ ਜਾਣ ਪਿੱਛੋਂ ਹੁਣ ਇਸ ਦਾ ਨਿਪਟਾਰਾ ਲੰਮਲੇਟ ਕਿਉਂ ?

o ਪੰਜਾਬ ਵਿਚ ਤਾਂ ਮੰਨਿਆ ਕਿ ਨਿਰਦੋਸ਼ ਹਿੰਦੂਆਂ ਨੂੰ ਖਾਲਸਤਾਨੀ ਕਾਤਲ ਗਰੋਹ ਕਤਲ ਕਰ ਰਹੇ ਹਨ ਪਰ ਦਿੱਲੀ ਆਦਿ ਥਾਵਾਂ ਤੇ ਸਿੱਖਾਂ ਨੂੰ ਸੁਰੱਖਿਅਤ ਕਿਉਂ ਨਹੀਂ ਕੀਤਾ ਜਾ ਸਕਦਾ ?

o ਸਰਕਾਰੀ ਦਹਿਸ਼ਤ ਕਾਰਨ ਜੋ ਨੌਜਵਾਨ ਸਰਹੱਦੀ ਇਲਾਕਿਆਂ ਤੋਂ ਪਾਕਸਤਾਨ ਦੌੜ ਗਏ ਹਨ, ਉਨ੍ਹਾਂ ਦੀ ਵਾਪਸੀ ਤੇ ਆਤਮ ਸਮਰਪਣ ਲਈ ਉਪਾਅ ਕਿਉਂ ਨਹੀਂ ਹੋ ਸਕਦੇ ?

o ਵੱਖ ਵੱਖ ਸੂਬਿਆਂ ਦੀ ਵੱਧ ਅਧਿਕਾਰਾਂ ਦੀ ਮੰਗ ਨੂੰ ਸੰਜੀਦਾ ਰੂਪ ਵਿਚ ਹੱਲ ਕਰਨ ਲਈ ਗੰਭੀਰ ਕਦਮ ਕਿਉਂ ਨਹੀਂ ਉਠਾਏ ਜਾਂਦੇ ਜਿਨ੍ਹਾਂ ਤੋਂ ਭਾਰਤ ਦੇ ਆਮ ਲੋਕ ਸੰਤੁਸ਼ਟ ਹੋ ਸਕਣ ?

o ਭਾਰਤੀ ਸਮਾਜ ਵਿਚ ਵਿਚਰ ਰਹੀਆਂ ਜ਼ਾਹਰਾ ਫਿਰਕੂ ਵਿਚਾਰਧਾਰਾ ਤੇ ਅਧਾਰਤ ਨੀਮ ਫੌਜੀ ਜਥੇਬੰਦੀਆਂ ਤੇ ਪਾਬੰਦੀ ਕਿਉਂ ਨਹੀਂ ?

o ਪੰਜਾਬ ਵਿਚ ਦੋਸ਼ੀ ਜਾਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਨਾਲ ਮਾਰ ਕੇ ਜਮਹੂਰੀਅਤ ਕਿਉਂ ਕਤਲ ਕੀਤੀ ਜਾ ਰਹੀ ਹੈ ?

o ਬਾਹਰ ਵਸਦੇ ਪੰਜਾਬੀ ਭਾਈਚਾਰੇ ਲਈ ਇੰਡੀਅਨ ਕੌਂਸਲੇਟਾਂ ਵੱਲੋਂ ਵੀਜ਼ਾ ਲੈਣ ਵਰਗੀਆਂ ਫਜ਼ੂਲ ਸ਼ਰਤਾਂ ਆਮ ਲੋਕਾਂ ਵਿਚ ਵਾਧੂ ਦੀ ਉਪਰਾਮਤਾ ਦਾ ਕਾਰਨ ਹੀ ਬਣਦੀਆਂ ਹਨ, ਜਦ ਕਿ ਫ਼ਿਰਕੂ ਅੰਸਰਾਂ ਲਈ ਬੜੀ ਮੌਜ ਨਾਲ ਪੰਜਾਬ ਵਿਚ ਆਪਣਾ ਕਰਕੇ ਵਾਪਸ ਆਉਣ ਦਾ ਅਧਾਰ ਉਵੇਂ ਹੀ ਕਾਇਮ ਹੈ । o

---

ਨਜ਼ਮ

## ਇਹਨਾਂ ਦਿਨਾਂ ਵਿੱਚ......

**ਮੋਹਣ ਮਤਿਆਲਵੀ**

ਇਹਨਾ ਦਿਨਾਂ ਵਿਚ–
ਅੰਦਰੇ-ਅੰਦਰ ਪਤਾ ਨਹੀਂ,
ਕਿੰਨਾਂ ਕੁਝ ਸਿਮਟ ਗਿਆ ਹੈ ।
ਕਿੰਨਾਂ ਕੁਝ ਵਿਸਰ ਗਿਆ ਹੈ,
'ਤੇ ਕਿੰਨਾਂ ਕੁਝ ਬਿਖਰ ਗਿਆ ਹੈ ।
ਇਹਨਾਂ ਦਿਨਾਂ ਵਿੱਚ......
ਇਕ ਪੁਰਾਣੀ ਤਲਖ਼ ਯਾਦ
ਨਵੇਂ ਮਹਿਮਾਨ ਵਾਂਗ ਆਉਂਦੀ ਹੈ ।
ਸੌਂ ਰਹੀਆਂ ਧੜਕਨਾਂ ਦੀਆਂ ਤਾਰਾਂ,
ਹਲੂਣਦੀ-ਜਗਾਉਂਦੀ ਹੈ ।
ਇਹਨਾਂ ਦਿਨਾਂ ਵਿਚ –
ਸੋਨੇ ਜਿਹਾ ਬੜਾ ਕੁਝ ਕਿਰ ਗਿਆ ਹੈ,
ਹੱਥਾਂ 'ਚੋਂ ਰੇਤ ਬਣਕੇ ।
ਸੁਪਨਿਆਂ ਜਿਹਾ ਬੜਾ ਕੁਝ ਡੁੱਲ੍ਹ ਗਿਆ ਹੈ,
ਅੱਖਾਂ 'ਚੋਂ ਹੰਝੂ ਬਣਕੇ ।
ਇਹਨਾਂ ਦਿਨਾਂ ਵਿਚ–
ਸਾਨੂੰ ਬੜਾ ਕੁਝ ਦਿੱਤਾ ਗਿਆ ਹੈ,
ਲਾਰਿਆਂ ਜਿਹਾ, ਕਮਿਸ਼ਨਾਂ ਜਿਹਾ ।
ਜਮ੍ਹਾਂ ਮਨਫ਼ੀ ਦਾ ਉਲਝਿਆ ਸਵਾਲ !
ਹੋਰ ਬੜਾ ਕੁਝ ਬਾਸੀ ਜਿਹਾ ।
ਇਹਨਾਂ ਦਿਨਾਂ ਵਿਚ–
ਉਹ ਬਸਤੀਆਂ 'ਚ ਜਾ ਕੇ
ਬਹੁਤ ਸੁਹਣਾ ਨੱਚਦਾ ਹੈ ।
'ਤੇ ਉਨ੍ਹਾਂ ਦੇ ਸਭਿਆਚਾਰ ਨੂੰ
ਸਾਂਭਣ ਦੀ ਹਦਾਇਤ ਕਰਦਾ ਹੈ ।
ਇਹਨਾਂ ਦਿਨਾਂ ਵਿਚ–
ਰੇਡੀਓ 'ਤੇ ਟੀ. ਵੀ.
ਕ੍ਰਿਕਟ ਦੇ ਛੱਕੇ ਗਿਣਦੇ ਨਹੀਂ ਥੱਕਦੇ ।
ਪਰ ਉਨ੍ਹਾਂ ਨੂੰ, ਨ ਜ਼ਖ਼ਮ ਹੀ ਦਿਸਦੇ ਨੇ–
ਨ ਖੰਡਰ ਹੀ ਦਿਸਦੇ।
ਇਹਨਾਂ ਦਿਨਾਂ ਵਿਚ–
'ਉਹ' ਸੱਸੀ ਦੀਆਂ ਪੈੜਾਂ ਦੀ

ਖੋਜ ਕਰਨ 'ਚ ਲੱਗੇ ਹੋਏ ਨੇ ।
ਜਦੋਂ ਕੁਝ ਵੀ ਪੱਲੇ ਨਹੀਂ ਪੈਂਦਾ,
ਤਾਂ ਉਹ ਨਕਲੀ ਪੌੜਾਂ ਸੀਲ ਕਰ ਲੈਂਦੇ ਨੇ ।

ਇਹਨਾਂ ਦਿਨਾਂ ਵਿਚ–
'ਦੂਰਅੰਦੇਸ਼ੀ' ਦੀ ਦਲਦਲ 'ਚ ਖੁੱਭੀਆਂ
ਕੁਰਸੀਆਂ ਨੂੰ ਕੁਝ ਨਹੀਂ ਦਿਸਦਾ ।
ਉਦਘਾਟਨੀ ਪੱਥਰਾਂ, ਹਾਰਾਂ,
'ਤੇ ਵੋਟਾਂ ਦੀਆਂ ਤਸਦੀਕਸ਼ੁਦਾ ਨਕਲਾਂ ਤੋਂ ਸਿਵਾ ।

ਹਾਂ ਪੰਜਾਬ ! ਇਹਨਾਂ ਦਿਨਾਂ ਵਿਚ–
ਮੇਰਾ ਵੀ ਸਾਥ ਛੱਡ ਗਏ ਨੇ
ਮੇਰੇ ਹੀ ਜਮਾਤੀ ।
ਕਲਮ–ਕਾਨੀ ਨਾਲ ਲਿਖਣ ਦੀ ਥਾਂ,
ਤੇਰੀ ਪੀੜ, ਤੇਰੀ ਉਦਾਸੀ ।

o

ਕਵਿਤਾ

## ਪਾਲਤੂ

**ਸੋਹਣ ਢੰਡ**

ਉਹ ਚਾਲਾਕ ਆਦਮੀ
ਅਕਸਰ ਦੂਜਿਆਂ ਨੂੰ ਕੋਸਦਾ ਹੈ
ਉਹ ਕੱਲ੍ਹ ਦੀ ਗੱਲ ਅੱਜ
ਅੱਜ ਦੀ ਹੁਣ ਸੋਚਦਾ ਹੈ ।

ਉਹ ਜਾਣਦਾ ਹੈ
ਤੁਹਾਡੀ ਚੁੱਪ ਦੇ ਭਾਸ਼ਾ ਬਣਨ ਤੋਂ ਪਹਿਲਾਂ ਹੀ
ਤੁਹਾਡੀਆਂ ਆਂਤੜੀਆਂ ਭੁੱਖ ਦੇ ਹਾਸ਼ੀਏ ਤੇ
ਬੇਸੁਰੇ ਢੋਲ ਵਾਂਗ ਵੱਜਦੀਆਂ ਨੇ
ਤੁਹਾਡੇ ਦੰਦ ਆਪਣੀ ਹੀ ਜੀਭ ਟੁੱਕਦੇ ਨੇ–
ਇਹ ਮੌਸਮ ਦੀ ਨਹੀਂ
ਕਰਾਮਾਤਾਂ ਦੀ ਕਾਰਵਾਈ ਹੈ
ਮੌਸਮ ਤਾਂ ਆਪ ਦਲਾਲੀ ਕਰਦਾ ਹੈ
ਤੁਹਾਡੇ ਹੱਥਾਂ ਤੇ
ਵਾਅਦਿਆਂ ਦੇ ਫੁੱਲ ਧਰਦਾ ਹੈ
ਮੈਂ ਜਾਣਦਾ ਹਾਂ
ਤੁਸੀਂ ਬਹੁਤ ਛਟਪਟਾਉਂਦੇ ਹੋ
ਨਫ਼ਰਤ ਦੇ ਦਾਇਰੇ 'ਚ
ਯੁੱਧ ਦਾ ਬਾਰੂਦੀ ਗੋਲਾ ਦਾਗ਼ਣ ਤੋਂ ਪਹਿਲਾਂ ਹੀ
ਸੁਪਨਿਆਂ ਤੇ ਹਕੀਕਤਾਂ ਦੇ
ਸਹੀ ਅਨੁਪਾਤ ਨੂੰ ਭੁੱਲ ਜਾਂਦੇ ਹੋ
ਉਹ ਚਾਲਾਕ ਆਦਮੀ
ਤੁਹਾਡੀਆਂ ਦੇਹਲੀਆਂ 'ਚ
ਭਵਿੱਖ ਬਦਲਣ ਦੇ ਸੁਪਨੇ ਖਿਲਾਰ ਆਉਂਦਾ ਹੈ
'ਤੇ ਤੁਹਾਨੂੰ ਚਾਬੁਕ ਦੀ ਥਾਂ
'ਵਿਚਾਰ' ਨਾਲ ਮਾਰ ਆਉਂਦਾ ਹੈ ।

ਫਿਰ ਅਚਾਨਕ ਇਕ ਦਿਨ
ਉਹ ਤੁਹਾਡੇ ਕੋਲ ਆਉਂਦਾ ਹੈ
ਰੋਟੀ ਲਈ ਵਧੇ ਤੁਹਾਡੇ ਹੱਥਾਂ ਦੀ
ਤਾਕਤ ਤੋਲਦਾ ਹੈ
ਤੁਹਾਡੇ ਗਲੇ 'ਚ ਤੁਹਾਡੇ ਮੋਚ ਦਾ
ਪਟਾ ਪਾਉਂਦਾ ਹੈ
ਤੇ ਤੁਹਾਨੂੰ ਪਾਲਤੂ ਬਣਾਉਂਦਾ ਹੈ । o

---

## "ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ"/ਲਾਭ ਸਿੰਘ ਅਕਲੀਆ

ਜਦੋਂ ਤੋਂ ਪੰਜਾਬ ਦੀ ਫਿਜ਼ਾ ਅੰਦਰ ਪਿਛਲੇ ਲੰਮੇ ਸਮੇਂ ਤੋਂ ਫਿਰਕਾ–ਪ੍ਰਸਤੀ ਦੇ ਬੱਦਲ ਛਾਏ ਹੋਏ ਨੇ, ਹਰ ਨਵੇਂ ਦਿਨ ਨਿਰਦੋਸ਼ ਲੋਕਾਂ ਦੇ ਕਤਲੇਆਮ ਤੇ ਲੁੱਟ–ਖਸੁੱਟ ਸਾਧਾਰਣ ਜਨਤਾ ਦਾ ਜੀਣਾ ਹੋਰ ਵੀ ਦੁੱਭਰ ਕਰ ਛੱਡਿਆ ਏ । ਦੂਜੇ ਪਾਸੇ ਰਾਜ–ਸਤਾ ਤੇ ਬਿਰਜਮਾਨ ਹਾਕਮ ਜਮਾਤ ਵਲੋਂ ਖਾਲਿਸਤਾਨੀਆਂ ਦੀ ਇਸ ਚਾਲ ਨੂੰ ਨਾਕਾਮ ਬਣਾਉਣ ਦੇ ਮਨਸ਼ੇ ਨਾਲ ਵੇਖ 2 ਢੰਗ ਤਰੀਕੇ ਅਪਣਾਕੇ, ਝੂਠੇ ਪੁਲਿਸ ਮੁਕਾਬਲੇ ਘੜਕੇ ਆਪਣਾ ਫਿਰਕਾਪ੍ਰਸਤੀ ਵਿਰੋਧੀ ਬੁਰਕਾ ਪਾ ਕੇ ਰੱਖ ਰਹੀ ਹੈ ।

ਖਾਲਿਸਤਾਨੀਆਂ ਵਲੋਂ ਇਸ ਲੜਾਈ 'ਚੋਂ ਜਿੱਤ ਕੇ ਨਿਕਲਣ ਲਈ ਤੇ ਆਪਣੇ ਸੌੜੇ ਮਨਸੂਬਿਆਂ ਦੀ ਪ੍ਰਾਪਤੀ ਲਈ ਅੱਕੀ–ਪਲਾਹੀ ਹੱਥ–ਪੈਰ ਮਾਰੇ ਜਾ ਰਹੇ ਨੇ । ਪਿਛਲੇ ਕੁਝ ਸਮੇਂ ਤੋਂ ਅਖਬਾਰਾਂ ਜਾਂ ਆਪਣੇ ਪ੍ਰਚਾਰ ਮਾਧਿਅਮਾਂ ਰਾਹੀਂ ਆਮ ਕਰਕੇ ਅਤੇ ਪੰਜਾਬ ਦੇ ਕੁਝ ਇਲਾਕਿਆਂ 'ਚ ਖਾਸ ਕਰਕੇ ਜੀਪਾਂ–ਟਰੱਕਾਂ ਤੇ ਲਾਊਡ ਸਪੀਕਰ ਟੰਗ ਕੇ ਅਤੇ ਕਾਨਫਰੰਸਾਂ ਰਾਹੀਂ ਇਹ ਐਲਾਨ ਕੀਤਾ ਗਿਆ ਕਿ "ਪਿੰਡ ਜਾਂ ਸ਼ਹਿਰ 'ਚ ਕੋਈ ਵੀ ਦੁਕਾਨਦਾਰ ਬੀੜੀ, ਸਿਗਰਟ, ਜਰਦਾ ਵੇਚਣਾ ਬੰਦ ਕਰ ਦੇਣ, ਬੀੜੀਆਂ–ਸ਼ਿਗਰਟਾਂ ਪੀਣ ਵਾਲੇ ਸਿੱਖ ਦੇ ਪੁੱਤ ਨਹੀਂ, ਜਿਹੜੇ ਅਜਿਹਾ ਕੁਝ ਕਰਨਗੇ, ਉਹਨਾਂ ਦੇ ਨਾਲ ਵੀ......ਮੁਆਫ ਨਹੀਂ......।" ਪਿਛਲੇ ਕੁਝ ਸਮੇਂ ਤੋਂ ਸ਼ਰਾਬ 'ਤੇ ਪਾਬੰਦੀ ਦੀਆਂ ਵੀ ਮੋਟੀਆਂ ਸੁਰਖੀਆਂ ਲਗਦੀਆਂ ਆ ਰਹੀਆਂ ਨੇ ।

ਇਕੱਲਾ ਪੰਜਾਬ ਹੀ ਨਹੀਂ ਸਗੋਂ ਸਮੁੱਚੇ ਹਿੰਦੁਸਤਾਨ ਦੇ ਹੱਡ–ਭੰਨਵੀਂ ਕਮਾਈ ਕਰਨ ਵਾਲੇ ਲੋਕਾਂ ਦੀ ਵਡੀ ਗਿਣਤੀ, ਖਾਸ ਕਰਕੇ ਨੌਜਵਾਨ ਵਰਗ ਇਸ

ਚੌਦਰੀ ਸੂਤ ਵੀ ਬੀਮਾਰੀ ਦਾ ਸ਼ਿਕਾਰ ਹੋਏ ਪਏ ਨੇ। ਸ਼ਹਿਰਾਂ ਦੇ ਲੋਕ ਇਸ ਤੋਂ ਵੀ ਵੱਧ ਨਸ਼ਿਆਂ ਦੀਆਂ ਗੋਲੀਆਂ, ਹੀਰੋਇਨ, ਗਾਂਜਾ, ਸੁਲਫਾ ਆਦਿ ਨਸ਼ੀਲੀਆਂ ਚੀਜ਼ਾਂ ਦਾ ਪ੍ਰਯੋਗ ਕਰ ਰਹੇ ਨੇ। ਗੱਲ ਕੀ ਇਹਨਾਂ ਭਿਆਨਕ ਨਸ਼ਿਆਂ ਨੇ, ਖੇਡਾਂ ਦੇ ਅਖਾੜੇ, ਪਿਆਰ ਮੁਹੱਬਤ, ਸਤਿਕਾਰ, ਕੁਰਬਾਨੀ ਮਰ-ਮਿਟਣ ਦਾ ਜਜ਼ਬਾ ਖੋਹਕੇ ਮਨੁੱਖਤਾ ਵਿਚ ਸੁਡੌਲ ਸਰੀਰਾਂ ਦੀ ਥਾਂ ਸੁਕੇ ਪਿੰਜਰ। ਨਫਰਤ, ਦੁਸ਼ਮਣੀ, ਗਰੀਬੀ, ਆਲਸ ਆਦਿ ਪੈਦਾ ਕਰ ਦਿਤੀ ਹੈ। ਇਹਨਾਂ ਭਿਆਨਕ ਬੀਮਾਰੀਆਂ ਤੋਂ ਥੋੜ੍ਹੀ ਬਹੁਤੀ ਸੋਝੀ-ਰੱਖਣ ਵਾਲਾ ਹਰ ਉਹ ਵਿਅਕਤੀ ਬੁਰੀ ਤਰ੍ਹਾਂ ਦੁਖੀ ਵੀ ਹੈ ਤੇ ਇਹਨਾਂ ਨਸ਼ਿਆਂ ਦੇ ਖਾਤਮੇ ਲਈ ਕੋਸ਼ਿਸ਼ਾਂ ਨੂੰ ਫਲ-ਲਗਣਾ ਹਾਲ ਦੀ ਘੜੀ ਨਾ-ਮੁਮਕਿਨ ਵਾਲੀ ਗੱਲ ਹੀ ਹੈ।

ਇਸ ਸਵਾਲ ਨੂੰ ਜੇਕਰ ਇਤਿਹਾਸਕ ਪੱਖ ਤੋਂ ਫਰੋਲਿਆ ਜਾਵੇ ਤਾਂ ਹਰ ਜਣਾਂ ਸਮਝ ਜਾਵੇਗਾ, ਕਿ ਨਸ਼ਿਆਂ ਦੀ ਵਧਦੀ ਜਾ ਰਹੀ ਵਰਤੋਂ, ਕੋਈ ਅਚਨਚੇਤ ਵਾਪਰੀ ਘਟਨਾ ਨਹੀਂ, ਸਗੋਂ ਲੰਮੇ ਇਤਿਹਾਸਕ ਸਮੇਂ ਨਾਲ ਜੁੜੀ ਹੋਈ ਲੁਟੇਰੀਆਂ ਹਾਕਮ ਜਮਾਤਾਂ ਦੀ ਸੋਚੀ ਸਮਝੀ ਚਾਲ ਹੈ। ਜਿਸ ਨੂੰ ਮੁੱਖ ਰੂਪ 'ਚ ਸਾਡੇ ਮੁਲਕ ਦੀ ਆਰਥਿਕਤਾ ਨਿਰਧਾਰਿਤ ਕਰਦੀ ਹੈ। ਭਾਵੇਂ ਸਮਾਜਿਕ, ਧਾਰਮਿਕ ਤੇ ਰਾਜਨੀਤਿਕ ਹੋਰ ਫੈਕਟਰ ਵੀ ਵੀ ਹਨ, ਜੋ ਇਸ ਨੂੰ ਆਮ ਰੂਪ 'ਚ ਪ੍ਰਭਾਵਿਤ ਕਰ ਰਹੇ ਨੇ। ਸਦੀਆਂ ਤੋਂ ਹਿੰਦੁਸਤਾਨ ਦੇਸੀ ਤੇ ਬਦੇਸੀ ਜਰ-ਵਾਣਿਆਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਰਿਹਾ। ਜਿਨ੍ਹਾਂ ਨੇ ਇਥੋਂ ਦੇ ਲੋਕਾਂ ਦੀ ਆਰਥਿਕ ਲੁੱਟ ਕਰਨ, ਵੱਧ ਮੁਨਾਫਾ ਕਮਾਉਣ, ਘੱਟ ਉਜਰਿਤ ਦੇਣ ਤੱਕ ਹੀ ਸੀਮਿਤ ਰੱਖਿਆ। ਜਿਸ ਦੇ ਫਲਸਰੂਪ ਲੋਕ ਦਿਨੋ-ਦਿਨ ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਕੰਗਾਲੀ, ਭੁਖਮਰੀ, ਅਨਪੜ੍ਹਤਾ ਦਾ ਸ਼ਿਕਾਰ ਹੋ ਗਏ। ਮੇਹਨਤੀ ਲੋਕਾਂ ਨੂੰ ਨਿੱਤ ਵਰਤੋਂ ਦੀਆ ਚੀਜ਼ਾਂ ਮਹਿੰਗੇ ਭਾਅ ਖਰੀਦਣ ਲਈ, ਵਿਆਹ, ਸ਼ਾਦੀਆਂ ਤੇ ਕੀਤੇ ਖਰਚਾਂ ਨੇ ਕਰਜ਼ਿਆਂ ਦੀ ਪੰਡ ਦੇ ਥੱਲੇ ਲੈ ਲਿਆ। ਮਜ਼ਦੂਰਾਂ ਤੇ ਕਿਸਾਨਾਂ ਨੂੰ ਦਿਨੋ ਦਿਨ ਵਧ ਰਹੀ ਗਰੀਬੀ "ਭੂਤ" ਬਣ ਕੇ ਡਰਾ ਰਹੀ ਹੈ। ਜਿਨ੍ਹਾਂ ਨੂੰ ਖਾਣ-ਪੀਣ ਵਾਸਤੇ ਦੁੱਧ-ਘਿਉ ਮਿਲਣਾ ਨਸੀਬ ਨਾ ਹੋ ਸਕਿਆ। ਜਿਹੜੇ ਮਜ਼ਦੂਰ ਆਪਣੇ ਸਿਰ ਤੋਂ ਕਰਜ਼ਿਆਂ ਦੀ ਪੰਡ ਲਾਹੁਣ ਵਾਸਤੇ, ਲਗਾਤਾਰ 24 ਘੰਟੇ ਕੰਮ ਕਰਦੇ ਨੇ, ਜਿਨ੍ਹਾਂ ਲੋਕਾਂ ਨੂੰ ਚੰਗਾ ਖਾਣਾ-ਪੀਣਾ, ਪਹਿਨਣਾ-ਹੰਢਾਉਣਾ, ਮਨੋਰੰਜਨ ਦੇ ਸਾਧਨ ਨਸੀਬ ਨਾ ਹੋਣ! ਕੀ ਉਹ ਲੋਕ ਆਪਣੇ ਦੀਮਾਗ ਦੀ ਸੰਤੁਸ਼ਟੀ ਦੇ ਵਾਸਤੇ ਨਸ਼ਿਆਂ ਦਾ ਪ੍ਰਯੋਗ ਕਿਉਂ ਨਹੀਂ ਕਰਨਗੇ? ਜਿਨ੍ਹਾਂ ਕੋਲ ਧੀ ਦੇ ਵਿਆਹ ਲਈ, ਬੀਮਾਰੀ ਦੇ ਇਲਾਜ ਲਈ, ਬੱਚਿਆਂ ਦੀ ਪੜ੍ਹਾਈ ਵਾਸਤੇ ਲੋੜਾਂ ਅਨੁਸਾਰ ਪੈਸਾ ਨਾ ਹੋਵੇ, ਘਰ ਦੀਆਂ ਕਬੀਲਦਾਰੀਆਂ 'ਚ ਲੜਾਈ ਝਗੜੇ ਪੈਦਾ ਹੋ ਰਹੇ ਹੋਣ। ਅਜ਼ਿਹੀ ਹਾਲਤ 'ਚ ਸਟੇਟ ਪਾਵਰ ਦੇ ਖਿਲਾਫ ਗੁੱਸਾ ਅਤੇ ਲਾਵਾ ਉਠਣਾ ਸੁਭਾਵਿਕ ਹੈ। ਇਸ ਗੁੱਸੇ ਅਤੇ ਲਾਵੇ ਨੂੰ ਠੰਡਾ ਕਰਨਾ (ਵਰਤਣਾ) ਲੁਟੇਰੀ ਜਮਾਤ ਦੀ ਇਹ ਲੋੜ ਹੈ ਕਿ ਲੋਕਾਂ ਨੂੰ ਇਹਨਾਂ ਨਸ਼ਿਆਂ ਦਾ ਆਦੀ ਬਣਾ ਕੇ ਉਹਨਾਂ ਦੀ ਬੌਧਿਕ ਚੇਤਨਤਾ ਨੂੰ ਖੁੰਡਾ ਕਰਕੇ ਰੱਖਿਆ ਜਾਵੇ, ਜਿਨ੍ਹਾਂ 'ਚ ਮੁਗਧ ਹੋ ਕੇ ਲੋਕ ਗਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਵਰਗੀਆਂ ਬੀਮਾਰੀਆਂ ਦੀ ਜੜ੍ਹ ਬਾਰੇ ਨਾ ਸੋਚ ਸਕਣ।

ਨਸ਼ਿਆਂ ਤੋਂ ਤੰਗ ਆਏ ਸਾਧਾਰਨ ਲੋਕਾਂ ਨੂੰ ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ ਇਕ ਹੱਦ ਤੱਕ ਜ਼ਰੂਰ ਚੰਗੀ ਲਗਦੀ ਹੋਣੀ ਐ। ਪਰ ਇਸ ਦਾ ਅਸਲ ਮਨੋਰਥ ਨਸ਼ਿਆ ਵਿਰੋਧੀ ਜਾਂ ਅਜਿਹੀਆਂ ਹਾਲਤਾਂ ਵਿਰੋਧੀ ਨਹੀਂ ਜੋ ਨਸ਼ਿਆਂ ਨੂੰ ਪੈਦਾ ਕਰਦੀਆਂ ਨੇ। ਸਗੋਂ ਇਸ ਮਸਲੇ ਨਾਲ ਜੋੜਕੇ ਆਮ ਲੋਕਾਂ 'ਚ ਹਿੰਦੂਆਂ ਪ੍ਰਤੀ ਜਨੂਨ ਪੈਦਾ ਕਰਨਾ ਹੈ, ਜਿਹੜੇ ਪੰਜਾਬ ਵਿਚ ਮੁੱਖ ਤੌਰ ਤੇ ਤੰਬਾਕੂ ਵਿਕਰੇਤਾ ਦਾ ਕੰਮ ਕਰ ਰਹੇ ਨੇ। ਇਸ ਲਈ ਖਾਲਿਸਤਾਨੀ ਆਪਣਾ ਮੁੱਖ ਨਿਸ਼ਾਨਾ ਇਥੋਂ ਦੇ ਪਿਛਾਖੜੀ ਸਮਾਜਿਕ ਪ੍ਰਬੰਧ ਨਹੀਂ, ਬਲਕਿ ਇਥੋਂ ਦੇ ਹਿੰਦੂ ਲੋਕਾਂ ਨੂੰ ਸਮਝਦੇ ਹਨ। ਇਸ ਨਾਲ ਹਿੰਦੂ-ਸਿੱਖਾਂ 'ਚ ਪਾੜਾ ਵੀ ਵਧੇਗਾ ਤੇ ਹਿੰਦੂ ਤਬਕੇ ਦੇ ਆਰਥਿਕ ਹਿਤਾਂ ਤੇ ਵੀ ਸੱਟ ਵਜੇਗੀ। ਜਿਥੋਂ ਤੱਕ ਪੰਜਾਬ 'ਚ ਸ਼ਰਾਬ ਦੀ ਵਿਕਰੀ ਤੇ ਪਾਬੰਦੀ ਦਾ ਸੁਆਲ ਹੈ। ਸ਼ਰਾਬ ਦਾ ਪ੍ਰਯੋਗ ਇਕੱਲੇ ਪੇਂਡੂ ਲੋਕ ਹੀ ਨਹੀਂ ਕਰਦੇ ਸਗੋਂ ਅਕਾਲੀ ਸਿਆਸਤ ਨਾਲ ਬੱਝੇ ਦਰਜਨਾਂ ਅਖੌਤੀ ਲੀਡਰ ਤੇ ਵਧਾਇਕਾਂ ਸਮੇਤ ਕਿੰਨੇ ਹੀ ਸਰਮਾਏਦਾਰ, ਧਨਾਢ ਚੌਧਰੀ, ਜਿਹੜੇ ਮੇਹਨਤੀ ਲੋਕਾਂ ਦੀ ਖੂਨ-ਪਸੀਨੇ ਦੀ ਕਮਾਈ ਦੇ ਜ਼ਰੀਏ ਲਿਟਰਾਂ ਦੇ ਲਿਟਰ ਸ਼ਰਾਬਾਂ ਪੀਣ ਦੀ ਸਮਰੱਥਾ ਰਖਦੇ ਨੇ। ਕੀ ਅਜਿਹੇ ਲੋਕ ਜਿੰਨ੍ਹਾਂ ਦਾ ਬਕਾਇਦਾ ਪੰਜਾਬ ਦੀ ਰਾਜ-ਮਸ਼ੀਨਰੀ ਦੇ ਵਿਚ ਪੂਰਾ 2 ਹੱਥ ਹੈ ਕਿਵੇਂ ਸ਼ਰਾਬ ਤੇ ਪਾਬੰਦੀ ਲਗਵਾ ਸਕਦੇ ਨੇ?

ਇਸ ਲਈ ਉਪਰੋਕਤ ਨੂੰ ਸਮਝਕੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਖਾਲਿਸਤਾਨੀਆਂ ਦਾ ਮਕਸਦ ਸਮਾਜ ਵਿਚੋਂ ਨਸ਼ਿਆਂ ਵਰਗੀਆਂ ਭਿਆਨਕ ਬੀਮਾਰੀਆਂ ਦਾ ਖਾਤਮਾ ਕਰਨਾ ਨਹੀਂ, ਸਗੋਂ ਹਰ ਢੰਗ-ਤਰੀਕਾ ਅਪਣਾ ਕੇ ਫਿਰਕੂ ਪਾੜਾ ਹੋਰ ਤੇਜ਼ ਕਰਨਾ ਹੈ। ਦੂਜੀ ਗੱਲ ਇਹ ਕਿ ਜਿੰਨਾ ਚਿਰ ਲੁਟੇਰਿਆਂ ਦੀ ਤਰਜ਼ ਤੇ ਉਸਰੇ ਇਸ ਪਿਛਾਖੜੀ ਪ੍ਰਬੰਧ ਨੂੰ ਤਹਿਸ਼ ਨਹਿਸ਼ ਨਹੀਂ ਕੀਤਾ ਜਾਂਦਾ, ਜਿਹੜਾ ਸਮਾਜ 'ਚ ਨਸ਼ਿਆਂ ਨੂੰ ਜਨਮ ਦਿੰਦਾ ਹੈ, ਲੁੱਟ-ਖਸੁੱਟ, ਰਿਸ਼ਵਤ ਖੋਰੀ, ਬਲੈਕ, ਠੱਗੀ-

ਚੋਰੀ, ਗਰੀਬੀ, ਮਹਿੰਗਾਈ ਤੇ ਬੇਰੁਜ਼ਗਾਰੀ ਆਦਿ ਵਰਗੀਆਂ ਅਨੇਕਾਂ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਇਸ ਪ੍ਰਬੰਧ ਨੂੰ ਬੁਨਿਆਦੀ ਤੌਰ ਤੇ ਖਤਮ ਕਰਨ ਲਈ ਤੇ ਇਸ ਦੀਆਂ ਜੜ੍ਹਾਂ ਨੂੰ ਸਮਝੇ ਤੋਂ ਬਗੈਰ, ਦਹਿਸ਼ਤ ਰਾਹੀਂ ਪਿੰਡਾਂ-ਸ਼ਹਿਰਾਂ ਚੋਂ ਤੰਮਾਕੂ ਦੀ ਵਰਤੋਂ ਨੂੰ ਕਿਸੇ ਵੀ ਤਰ੍ਹਾਂ ਖਤਮ ਨਹੀਂ ਕੀਤਾ ਜਾ ਸਕਦਾ। ਭਾਵੇਂ ਵਕਤੀ ਤੌਰ ਤੇ ਲੱਖ ਆਸਾਂ ਬਝਦੀਆਂ ਰਹਿਣ।

ਸੋ ਖਾਲਿਸਤਾਨੀਆਂ ਦੀ ਨਸ਼ਿਆਂ ਵਿਰੋਧੀ ਮੁਹਿੰਮ ਦਾ ਉਦੋਂ ਤੱਕ ਕੋਈ ਅੰਤਿਮ ਸਿੱਟਾ ਨਹੀਂ ਨਿਕਲੇਗਾ, ਜਿੰਨਾ ਚਿਰ ਆਮ ਜਨ ਸਧਾਰਨ ਨੂੰ ਇਸ ਪ੍ਰਬੰਧ ਬਾਰੇ ਪੂਰੀ ਤਰ੍ਹਾਂ ਚੇਤੰਨ ਨਹੀਂ ਕੀਤਾ ਜਾ ਸਕਦਾ, ਉਦੋਂ ਤੱਕ ਭਾਵੇਂ ਕਿੰਨੇਂ ਵੀ ਦਹਿਸ਼ਤ ਦੇ ਬੱਦਲ ਛਾਏ ਰਹਿਣ।

## ਪਾਠਕ ਲੇਖਕ ਫੋਰਮ

**1.** ਸਮਤਾ ਮਾਰਚ 87 ਅੰਕ 'ਚ ਕਰਮ ਬਰਸਟ ਦੀ ਟਿੱਪਣੀ 'ਸਿੱਖ ਕੀ ਕਰਨ' ਅਸ਼ਪਸਟ, ਸੇਧਵਿਹੂਣੀ ਤੇ ਸਵੈ-ਵਿਰੋਧੀ ਧਾਰਨਾਵਾਂ ਤੇ ਅਧਾਰਤ ਹੈ। ਅੱਜ ਹਾਲਤ ਜਿਸ ਪੱਧਰ ਤੇ ਪਹੁੰਚ ਚੁੱਕੀ ਹੈ, ਉਥੇ ਇਕ ਪਾਸੇ ਹਕੂਮਤੀ ਜਬਰ ਹੈ ਤੇ ਦੂਸਰੇ ਪਾਸੇ ਧਾਰਮਿਕ ਮੂਲਵਾਦੀਏ ਸਿੱਖ ਭਾਈਚਾਰੇ ਦੀਆਂ ਜ਼ਖਮੀ ਭਾਵਨਾਵਾਂ ਨੂੰ ਵਰਤਣ ਦੀ ਕੋਸ਼ਿਸ਼ 'ਚ ਹਨ। ਨਾ ਤੇ ਹਕੂਮਤੀ ਜਬਰ ਤੋਂ ਕਿਸੇ ਭਲਾਈ ਦੀ ਆਸ ਕੀਤੀ ਜਾ ਸਕਦੀ ਹੈ ਤੇ ਨਾ ਧਾਰਮਿਕ ਮੂਲਵਾਦੀਆਂ ਤੋਂ। ਇਸ ਸਥਿਤੀ 'ਚ ਸ਼ਕਤੀਸ਼ਾਲੀ ਜਮਹੂਰੀ ਲਹਿਰ ਹੀ ਸੁਖਾਵੇਂ ਪਾਸੇ ਵੱਲ ਕੋਈ ਮੋੜ ਦੇ ਸਕਦੀ ਹੈ। ਸੋ ਸੁਆਲ ਇਹ ਨਹੀਂ ਕਿ 'ਸਿੱਖ ਕੀ ਕਰਨ' ਸਗੋਂ ਸੁਆਲ ਇਹ ਖੜਾ ਹੈ ਕਿ 'ਜਮਹੂਰੀ ਲਹਿਰ ਕੀ ਕਰੇ ?'

ਜਿਥੋਂ ਤੱਕ ਸਿੱਖਾਂ ਦੀ ਇਤਿਹਾਸ 'ਚ ਭੂਮਿਕਾ ਦਾ ਸਵਾਲ ਹੈ, ਕੇਵਲ ਸਿਖਾਂ ਦੀ ਹੀ ਨਹੀਂ, ਹਰ ਜਾਤੀ ਦੀ ਇਤਿਹਾਸ 'ਚ ਵਿਸ਼ੇਸ਼ ਭੂਮਿਕਾ ਰਹੀ ਹੈ। ਜੇ ਪੰਜਾਬ 'ਚ ਗੁਰੂ ਗੋਬਿੰਦ ਸਿੰਘ ਲੋਕ-ਨਾਇਕ ਹੈ ਤਾਂ ਮਰਾਠਵਾੜਾ 'ਚ ਸ਼ਿਵਾ ਜੀ, ਰਾਜਪੂਤਾਨੇ 'ਚ ਰਾਣਾ ਪ੍ਰਤਾਪ। ਸੰਥਾਲਾਂ ਦਾ ਅੰਗਰੇਜ਼ਾਂ ਖਿਲਾਫ਼ ਹਥਿਆਰਬੰਦ ਵਿਦਰੋਹ ਕਈ ਦਹਾਕਿਆਂ ਤੱਕ ਲੜਿਆ ਗਿਆ ਜਿਸਨੂੰ ਕੁਚਲਣ ਲਈ ਹਕੂਮਤ ਨੇ ਬੇਬਹਾ ਜਬਰ ਢਾਹਿਆ, ਹਜ਼ਾਰਾਂ ਕਤਲ ਕੀਤੇ। ਨਿਜ਼ਾਮ ਹੈਦਰਾਬਾਦ ਖਿਲਾਫ਼ ਤੇਲੰਗਾਨਾ ਦੇ ਖਾੜਕੂ ਸੰਘਰਸ਼ 'ਚ ਪੰਜ ਹਜ਼ਾਰ ਤੋਂ ਵਧੇਰੇ ਲੋਕਾਂ ਜਾਨਾਂ ਵਾਰੀਆਂ, ਪਰ ਇਹਨਾਂ ਨੂੰ 'ਹਕੂਮਤੀ ਟੁਕੜਿਆਂ' ਤੇ ਪਲਣ ਵਾਲੇ ਇਤਿਹਾਸਕਾਰ ਅੱਖੋਂ ਉਹਲੇ ਹੀ ਕਰ ਛੱਡਦੇ ਹਨ। ਲੋੜ ਹੈ ਫਿਰਕੂ, ਖੇਤਰੀ ਸ਼ਾਵਨਵਾਦੀ ਧਾਰਨਾਵਾਂ ਤੋਂ ਉਤਾਂਹ ਉਠ ਇਤਿਹਾਸ ਨੂੰ ਜਮਾਤੀ ਨਜ਼ਰੀਏ ਤੋਂ ਵਾਚਿਆ, ਲਿਖਿਆ ਜਾਵੇ ਤਾਂ ਹੀ ਇਤਿਹਾਸ ਪ੍ਰਤੀ ਅਸੀਂ ਸੈਕੂਲਰ ਦਿਖ ਅਖਤਿਆਰ ਕਰ ਸਕਦੇ ਹਾਂ।

ਸਫ਼ਾ 23 ਦੇ ਪਹਿਲੇ ਕਾਲਮ ਦਾ ਆਖਰੀ ਪੈਰਾ ਇਹ ਧਾਰਨਾ ਨਾਲ ਸ਼ੁਰੂ ਹੁੰਦਾ ਹੈ, "ਇਹ ਠੀਕ ਹੈ ਕਿ ਪਿਛਲੇ ਅਰਸੇ ਦੌਰਾਨ ਇਸ ਲੋਕ ਵਿਰੋਧੀ ਸਮਾਜਕ ਪ੍ਰਬੰਧ ਵਿਚ ਸਿਖਾਂ ਨੂੰ ਪੂਜ ਕੇ ਜ਼ਲੀਲ ਕੀਤਾ ਗਿਆ ਹੈ। ਸਿਖ ਧਰਮ ਸਮੇਤ ਬਾਕੀ ਸਾਰੇ ਘੱਟ ਗਿਣਤੀ ਧਰਮਾਂ ਨਾਲ ਧੱਕਾ ਅਤੇ ਵਿਤਕਰਾ ਕੀਤਾ ਜਾਂਦਾ ਹੈ। ਘੱਟ ਗਿਣਤੀ ਕੌਮੀਅਤਾਂ ਨੂੰ ਦਬਾਇਆ ਜਾ ਰਿਹਾ ਹੈ...।' ਜਦੋਂ ਕਿ ਇਸ ਪੈਰੇ ਦੇ ਅਖੀਰ ਤੱਕ ਪੁਜਦਿਆਂ ਤੇ ਅਗਲਾ ਪੈਰਾ ਇਕ ਨਵੀਂ ਧਾਰਨਾ ਨਾਲ ਸ਼ੁਰੂ ਹੁੰਦਾ ਹੈ, "ਇਸ ਲਈ ਅਜ ਇਕੱਲੇ ਸਿੱਖ ਹੀ ਇਸ ਗੈਰ ਜਮਹੂਰੀ ਸਤਾਵਾਦੀ ਰਾਜ ਦਾ ਸ਼ਿਕਾਰ ਨਹੀਂ, ਸਗੋਂ ਸਾਰੇ ਧਰਮਾਂ ਅਤੇ ਕੌਮੀਅਤਾਂ ਦੀ ਜਨਤਾ ਇਸਦੇ ਸ਼ਿਕੰਜੇ ਵਿਚ ਨਪੀੜੀ ਜਾ ਰਹੀ ਹੈ।" ਦੋਹਾਂ ਧਾਰਨਾਵਾਂ ਵਿਚ ਸਵੈ ਵਿਰੋਧ ਹੈ। ਪਹਿਲੀ ਧਾਰਨਾ 'ਚ ਹਿੰਦੂਆਂ ਨੂੰ ਵੱਖ ਰੱਖ ਲਿਆ ਗਿਆ ਹੈ ਜਦੋਂ ਕਿ ਦੂਸਰੀ ਧਾਰਨਾ 'ਚ ਨਪੀੜੇ ਜਾਣ ਵਾਲਿਆਂ 'ਚ ਹਿੰਦੂ ਵੀ ਸ਼ਾਮਲ ਹਨ। ਇਹ ਠੀਕ ਹੈ ਕਿ ਹਿੰਦੂ ਸ਼ਾਵਨਵਾਦ ਉਭਾਰਿਆ ਜਾ ਰਿਹਾ ਹੈ ਪਰ ਇਸ ਨਾਲ ਆਮ ਹਿੰਦੂ ਦਾ ਕੁਝ ਨਹੀਂ ਸੌਰਦਾ, ਇਸਤੋਂ ਕੁਝ ਗਿਣੇ ਚੁਣੇ ਹੀ ਫ਼ਾਇਦਾ ਲੈਣਗੇ ਉਵੇਂ ਈ ਜਿਵੇਂ ਸਿਖ ਸ਼ਾਵਨ-ਵਾਦ ਨੂੰ ਉਭਾਰ ਕੇ ਕੁਝ ਗਿਣੇ ਚੁਣੇ ਧਾਰਮਿਕ ਮੂਲ-ਵਾਦੀਏ ਤੇ ਗੱਦੀਆਂ ਤੋਂ ਲਹਿ ਚੁੱਕੇ, ਸਾਬਕਾ ਰਾਜੇ ਰਜਵਾੜੇ ਬਹੁਤ ਸਾਰੀਆਂ ਝਾਕਾਂ ਲਾਈ ਬੈਠੇ ਹਨ। ਸ਼ਾਵਨਵਾਦ ਦਾ ਉਤਰਨਾ ਸਦਾ ਹੀ ਮਿਹਨਤਕਸ਼ ਜਮਾਤ ਦੇ ਹਿੱਤਾਂ ਦੇ ਖਿਲਾਫ਼ ਜਾਂਦਾ ਹੈ ਤੇ ਸਾਧਨ-ਸੰਪੰਨ ਜਮਾਤਾਂ ਦੇ ਹਿੱਤ ਵਿਚ।

ਅੱਗੇ ਆਖਰੀ ਪੈਰੇ 'ਚ ਸਾਥੀ ਕਰਮ ਲਿਖਦੇ ਹਨ, "ਸਿਖਾਂ ਨੂੰ ਗੁਰੂ ਸਾਹਿਬਾਨ ਅਤੇ ਦੂਸਰੇ ਸਿੱਖ ਸ਼ਹੀਦਾਂ ਦੀਆਂ ਰਵਾਇਤਾਂ ਉਪਰ ਪਹਿਰਾ ਦਿੰਦੇ ਮਨੁੱਖੀ ਆਜ਼ਾਦੀ ਲਈ ਸੰਘਰਸ਼ ਵਿੱਚ ਕੁਦਣਾ ਚਾਹੀਦਾ ਹੈ...।' ਪਰ ਧਾਰਮਿਕ ਮੂਲਵਾਦੀਏ ਵੀ ਤਾਂ ਸਿਖਾਂ ਨੂੰ ਇਹਨਾਂ ਰਵਾਇਤਾਂ ਦੀ ਵੰਗਾਰ ਹੀ ਦਿੰਦੇ ਹਨ। ਸੋ ਸਪੱਸ਼ਟ ਹੈ ਕਿ ਪਰਚਲਤ ਇਤਿਹਾਸ 'ਚ ਬਹੁਤ ਸਾਰਾ ਘਚੋਲਾ ਹੈ ਜਿਸਨੂੰ ਸਾਫ਼ ਕਰਨਾ ਹੋਵੇਗਾ। ਸੇਵਾ ਸਿੰਘ ਠੀਕਰੀ ਵਾਲੇ ਦੀਆਂ ਰਵਾਇਤਾਂ ਨੂੰ ਅਤੇ ਪਟਿਆਲਾ ਸ਼ਾਹੀ ਦੀਆਂ ਰਵਾਇਤਾਂ ਨੂੰ ਨਖੇੜਨਾ ਪਵੇਗਾ। ਇਹ ਠੀਕ ਹੈ ਕਿ ਇਹ

ਕੋਈ ਇਕ ਦੋ ਵਰਿਆਂ ਦਾ ਕਾਰਜ ਨਹੀਂ, ਪਰ ਇਹ ਵਿਚਾਰਧਾਰਕ ਲੜਾਈ ਲੜ ਕੇ ਹੀ ਅਸੀਂ ਸਿਖ ਭਾਈਚਾਰੇ ਨੂੰ ਰਜਵਾੜਿਆਂ, ਮੂਲਵਾਦੀਆਂ ਮਗਰੋਂ ਲਾਹ ਸਕਦੇ ਹਾਂ। ਅਜੇ ਤਾਂ ਸ਼ਹੀਦ ਭਗਤ ਸਿੰਘ ਦੇ ਨਾਂ ਨੂੰ–ਜਿਹਦੇ ਐਲਾਨੀਆਂ ਨਾਸਤਿਕ ਹੋਣ ਬਾਰੇ ਕੋਈ ਭੁਲੇਖਾ ਨਹੀਂ–ਧਾਰਮਿਕ ਮੂਲਵਾਦੀਆਂ ਤੱਕ ਹਰ ਕੋਈ ਵਰਤੀ ਜਾ ਰਿਹਾ ਹੈ।

ਸੋ ਟੇਕ ਜਮਹੂਰੀ ਲਹਿਰ ਤੇ ਕੇਂਦਰਤ ਹੋਣੀ ਚਾਹੀਦੀ ਹੈ। ਜੇ ਇਹ ਲਹਿਰ ਲੋਕਾਂ ਦੇ ਜਾਇਜ਼ ਮੁਸ਼ਕਲਿਆਂ, ਉਹਨਾਂ ਨਾਲ ਹੁੰਦੇ ਅਨਿਆਂ, ਜਬਰ ਦੇ ਖਿਲਾਫ ਅੱਗੇ ਆ ਸੰਘਰਸ਼ ਨਹੀਂ ਵਿਢਦੀ ਤਾਂ ਫਿਰ ਪਿਛਾਖੜੀ ਤਾਕਤਾਂ ਲੋਕਾਂ ਦੀ ਬੇਚੈਨੀ ਨੂੰ ਵਰਤਣਗੀਆਂ ਹੀ। ਸਵਾਲ 'ਸਿਖ ਕੀ ਕਰਨ' ਦਾ ਨਹੀਂ, ਸਗੋਂ 'ਜ਼ਮਹੂਰੀ ਲਹਿਰ ਕੀ ਕਰੇ' ਦਾ ਹੈ। ਲੋਕ ਤਜਰਬੇ ਤੋਂ ਸਿਖਣਗੇ ਕਿ ਉਹਨਾਂ ਦਾ ਦੋਸਤ ਕੌਣ ਹੈ ਤੇ ਦੁਸ਼ਮਣ ਕੌਣ।

–ਬਲਬੀਰ ਪਰਵਾਨਾ

## 2. ਇਕ ਚਿੱਠੀ

ਪੰਜਾਬ ਦੇ ਇਕ ਅਖੌਤੀ ਨਕਸਲੀ ਗਰੁੱਪ 'ਪੈਗਾਮ ਪੰਥੀਆਂ' ਨੇ ਪੰਜਾਬ ਸਮੱਸਿਆ ਨੂੰ ਲੈਕੇ ਪੰਜਾਬ ਦੇ ਇਨਕਲਾਬੀਆਂ ਖਿਲਾਫ ਗਾਲ੍ਹੀ ਗਲੋਚ ਤੇ ਹੋਛੀ ਤੋਹਮਤਬਾਜ਼ੀ ਕਰਨ ਅਤੇ ਦੂਜਿਆਂ ਦੀਆਂ ਦਲੀਲਾਂ ਨੂੰ ਵਿਗਾੜ ਕੇ ਪੇਸ਼ ਕਰਨ ਦਾ ਧੰਦਾ ਫੜਿਆ ਹੋਇਆ ਹੈ। ਭੜਾਕੇਬਾਜ਼ ਸਿਆਸਤ ਦੀ ਮਾਹਰ, ਇਸ ਗਰੁੱਪ ਦੀ ਆਗੂ ਜੁੰਡੀ ਪੰਜਾਬ ਦੇ ਇਨਕਲਾਬੀ ਕਾਡਰ ਵਲੋਂ ਬੁਰੀ ਤਰ੍ਹਾਂ ਦੁਰਕਾਰੀ ਜਾਣ ਕਰਕੇ ਬੁਖਲਾ ਗਈ ਜਾਪਦੀ ਹੈ। ਆਪਣੀ ਪਿਛਾਖੜੀ ਸਿਆਸਤ ਪੰਜਾਬ ਦੇ ਇਨਕਲਾਬੀਆਂ ਦੇ ਗਲੇ ਉਤਾਰਨ ਵਿਚ ਪੂਰੀ ਤਰ੍ਹਾਂ ਨਾਕਾਮਯਾਬ ਰਹਿਣ ਅਤੇ ਆਪਣੀ ਲਾਈਨ ਨੂੰ ਲੋਕਾਂ ਵਲੋਂ ਕੋਈ ਹੁੰਗਾਰਾ ਨਾ ਮਿਲਣ ਕਰਕੇ ਇਹ ਸ਼ਖਸ ਆਪਣਾ ਤਵਾਜ਼ਨ ਖੋ ਗਏ ਜਾਪਦੇ ਹਨ।

ਇਸ ਗਰੁੱਪ ਦੇ ਸਿਆਸੀ–ਬੌਧਿਕ ਮਿਆਰ ਤੋਂ ਭਲੀ ਭਾਂਤ ਵਾਕਫ ਨਾ ਹੋਣ ਵਾਲਾ ਕੋਈ ਵਿਅਕਤੀ ਤਾਂ ਸ਼ਾਇਦ ਇਸ ਗਰੁੱਪ ਨਾਲ ਇਹਨਾਂ ਦੀਆਂ ਪਿਛਲੀਆਂ ਸਿਆਸੀ ਟਪੂਸੀਆਂ (ਮਿਸਾਲ ਦੇ ਤੌਰ ਤੇ 'ਸੌੜਾ ਕੌਮਵਾਦ ਨਹੀਂ ਕੌਮਾਂਤਰੀਵਾਦ', ਸਿੱਧੇ ਸਮਾਜਵਾਦੀ ਇਨਕਲਾਬ ਦੀਆਂ ਤਕੜੀਆਂ ਸੰਭਾਵਨਾਵਾਂ', 'ਆਮ ਬਗਾਵਤ', 'ਸਿੱਧੀ ਸਿਆਸਤ', 'ਕਮਿਊਨਿਸਟਾਂ ਨੇ ਲੋਕਾਂ ਦੀ ਪੱਧਰ ਤੱਕ ਨਹੀਂ ਡਿਗਣਾ ਹੁੰਦਾ', 'ਪੰਜਾਬ ਨਾਲ ਕੋਈ ਧੱਕਾ ਨਹੀਂ' ਆਦਿ ਆਦਿ ਬਾਰੇ ਬਹਿਸ ਤੋਰ ਕੇ ਆਪਣਾ ਸਮਾਂ ਤੇ ਸ਼ਕਤੀ ਜ਼ਾਇਆ ਕਰਨ ਦੀ ਗਲਤੀ ਕਰ ਬੈਠੇ, ਪਰ ਮੇਰੇ ਲਈ ਅਜੇਹੀ ਕੋਈ ਸਮਸਿਆ ਨਹੀਂ। ਵੈਸੇ ਤਾਂ ਹੁਣ ਵੀ ਇਹਨਾਂ ਦੀ 'ਨਵੀ ਸੱਲ' ਤੇ ਮੈਂ ਸ਼ਾਇਦ ਹੀ ਕਿਸੇ ਇਨਕਲਾਬੀ ਪਰਚੇ ਦੇ ਸਫੇ ਖਰਾਬ ਕਰਨ ਦੀ ਸੋਚਦਾ, ਪਰ ਕਮਿਊਨਿਸਟ ਹੋਣ ਦਾ ਪ੍ਰਪੰਚ ਕਰ ਰਹੇ ਇਸ ਗਰੁਪ ਦੀ 'ਨਵੀਂ ਲਾਈਨ' ਦੇ ਵਿਕਸਤ ਹੋ ਰਹੇ ਰੂਪ ਤੇ ਇਕ ਸੰਖੇਪ ਜਿਹੀ ਟਿੱਪਣੀ ਕਰਨਾ ਮੈਂ ਫਰਜ਼ ਸਮਝਦਾ ਹਾਂ।

ਪੰਜਾਬ ਸਮੱਸਿਆ ਦੇ ਸੰਬੰਧ ਵਿਚ ਆਪਣੇ ਵਲੋਂ ਕੀਤੇ ਜਾਂਦੇ ਪ੍ਰਾਪੇਗੰਡਾ ਤੇ ਐਜੀਟੇਸ਼ਨ ਵਿਚ ਵੈਸੇ ਤਾਂ ਇਹ ਗਰੁਪ ਸ਼ੁਰੂ ਤੋਂ ਹੀ, ਵਿਰੋਧੀ ਵਿਚਾਰ ਰੱਖਣ ਵਾਲੇ ਇਨਕਲਾਬੀ ਗਰੁਪਾਂ ਤੇ ਕਰਿੰਦਿਆਂ ਨੂੰ ਘਟੀਆ ਵਿਸ਼ੇਸ਼ਣਾਂ ਨਾਲ ਨਿਵਾਜ਼ਦਾ ਰਿਹਾ ਹੈ, ਪਰ ਹੁਣ ਇਸਨੇ ਵਿਰੋਧੀ ਕਮਿਊਨਿਸਟ ਜਥੇਬੰਦੀਆਂ/ਵਿਅਕਤੀਆਂ ਨੂੰ 'ਪੰਜਾਬ ਦੁਸ਼ਮਣ' ਤੋਂ ਵੀ ਅਗੇ ਵਧ ਕੇ 'ਸਿਖ ਦੁਸ਼ਮਣ' ਗਰਦਾਨਣਾ ਸ਼ੁਰੂ ਕਰ ਦਿਤਾ ਹੈ। ਅਜੇਹਾ ਕਰਕੇ ਇਹ ਅਖੌਤੀ ਕਾਮਰੇਡ ਆਪਣਾ ਸਿਆਸੀ ਖੋਖਲਾਪਣ ਹੀ ਜ਼ਾਹਰ ਨਹੀਂ ਕਰ ਰਹੇ ਸਗੋਂ ਕਮਿਊਨਿਸਟਾਂ ਤੇ ਕਮਿਊਨਿਸਟ ਲਹਿਰ ਦੇ ਦੁਸ਼ਮਣਾਂ ਵਾਲਾ ਰੋਲ ਵੀ ਅਦਾ ਕਰ ਰਹੇ ਹਨ। ਇਉਂ ਕਰਕੇ ਉਹ ਨਾ ਸਿਰਫ ਸਿੱਖ ਅਵਾਮ ਨੂੰ ਕਮਿਊਨਿਸਟਾਂ, ਕਮਿਊਨਿਸਟ ਫਿਲਾਸਫੀ/ਲਹਿਰ ਦੇ ਵਿਰੋਧੀ ਬਣਾਉਣ ਦਾ ਕੁਕਰਮ ਕਰ ਰਹੇ ਹਨ ਸਗੋਂ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਵੀ ਕਮਿਊਨਿਸਟ ਕਰਿੰਦਿਆ ਤੇ ਹਮਲੇ ਕਰਨ ਲਈ ਹੱਲਾ ਸ਼ੇਰੀ ਦੇ ਰਹੇ ਹਨ। ਇਹਨਾਂ ਦੇ ਸਿੱਧੜ ਤਰਕ ਮੁਤਾਬਿਕ ਜੋ ਕੋਈ ਵੀ ਸਿੱਖ ਖਾੜਕੂਆਂ ਦੀ ਹਮਾਇਤ ਨਹੀਂ ਕਰਦਾ ਉਹ 'ਕੇਂਦਰ ਭਗਤ' ਤੇ 'ਸਿੱਖ ਦੁਸ਼ਮਣ' ਹੈ। ਮਾਰਕਸਵਾਦ ਵਿਚ ਸ਼ਾਇਦ ਹੀ ਅਜੇਹੇ ਬੀਜ ਗਣਿਤ ਸੂਤਰ ਲਈ ਕੋਈ ਥਾਂ ਹੋਵੇ। ਇਹਨਾਂ ਕੋਲੋਂ ਕੋਈ ਪੁੱਛੇ ਕਿ ਪੰਜਾਬ ਵਿਚ ਸਰਕਾਰੀ ਦਹਿਸ਼ਤਗਰਦੀ, ਹਿੰਦੂ ਫਿਰਕਾਪ੍ਰਸਤਾਂ ਤੇ ਦਿੱਲੀ ਦੰਗਿਆਂ ਦੇ ਦੋਸ਼ੀਆਂ ਦਾ ਜਨਤਕ ਵਿਰੋਧ ਤੇ ਲਾਮਬੰਦੀ ਕੀ ਸਿਰਫ ਇਨ੍ਹਾਂ ਦੇ ਅਖਬਾਰੀ ਬਿਆਨਾਂ ਦੇ ਥੱਬਿਆਂ ਨਾਲ ਹੀ ਹੋਇਆ ਹੈ? ਪੰਜਾਬ ਦੇ ਵੱਖ ਵੱਖ ਇਨਕਲਾਬੀ ਗਰੁੱਪਾਂ ਨੇ ਸਰਕਾਰੀ ਦਹਿਸ਼ਤ ਤੇ ਝੂਠੇ ਪੁਲਿਸ ਮੁਕਾਬਲਿਆਂ ਖਿਲਾਫ ਪੈਂਫਲਿਟਾਂ, ਪੋਸਟਰਾਂ, ਮੀਟਿੰਗਾਂ ਤੇ ਮੁਜ਼ਾਹਰਿਆਂ ਦੀਆਂ ਨਿਕੀਆਂ ਵੱਡੀਆਂ ਮੁਹਿੰਮਾਂ ਚਲਾ ਕੇ, ਕੇਂਦਰ ਖਿਲਾਫ ਇਨ੍ਹਾਂ ਵਲੋਂ ਪਾਏ ਜਾ ਰਹੇ ਅਖਬਾਰੀ ਚੀਕ ਚਿਹਾੜੇ ਤੋਂ ਕਿਤੇ ਵੱਖ ਠੋਸ ਕਾਰਵਾਈ ਕੀਤੀ ਹੈ। ਇਹ ਗੱਲ ਜ਼ਰੂਰ ਹੈ ਕਿ ਨਿਰਦੋਸ਼ ਲੋਕਾਂ ਦੇ ਕਾਤਲਾਂ ਅਤੇ ਪਿਛਾਖੜੀ ਧਾਰਮਕ ਰਾਜ ਸਿਰਜਣ ਤੇ ਆਮਾਦਾ ਫਿਰਕੂ ਜਨੂੰਨੀ ਟੋਲਿਆਂ ਨੂੰ, ਇਨ੍ਹਾਂ ਵਾਂਗ ਜਮਹੂਰੀ ਸੰਗੀ' ਐਲਾਨ ਕੇ ਗਲਵਕੜੀ ਹੋਣ ਲਈ

ਅਹੁਲਣ ਦੀ ਬਜਾਏ, ਲੋਕ ਦੁਸ਼ਮਣਾਂ ਦੀ ਕਤਾਰ ਵਿਚ ਖੜ੍ਹਾ ਕੇ ਵਿਰੋਧ ਕੀਤਾ ਹੈ। ਕਿਉਂਕਿ ਕਮਿਊਨਿਸਟ ਜਾਣਦੇ ਹਨ ਕਿ ਉਹਨਾਂ ਦਾ ਮਕਸਦ ਕੇਵਲ ਪੁਰਾਣੇ ਗਲੇ ਸੜੇ ਤੇ ਬੋਦਾ ਪ੍ਰਬੰਧ ਨੂੰ ਬਦਲਨਾ ਹੀ ਨਹੀਂ ਹੁੰਦਾ ਸਗੋਂ ਇਸਦੀ ਥਾਂ ਤੇ ਉਹਨਾਂ ਨੇ ਨਰੋਏ, ਤੰਦਰੁਸਤ ਅਗਾਂਹਵਧੂ ਜਮਹੂਰੀ/ਸਮਾਜਵਾਦੀ ਪ੍ਰਬੰਧ ਦੀ ਸਿਰਜਣਾ ਵੀ ਕਰਨੀ ਹੁੰਦੀ ਹੈ। ਠੀਕ ਇਹੋ ਕੁਝ ਪੰਜਾਬ ਦੇ ਕਮਿਊਨਿਸਟ ਇਨਕਲਾਬੀ(ਭਾਵੇਂ ਉਹ ਕਿੰਨੇ ਵੀ ਕਮਜ਼ੋਰ ਹਨ) ਅੱਜ ਕਰ ਰਹੇ ਹਨ।

ਸਿੱਖ ਆਵਾਮ ਦੇ ਪਰਮ ਹਿਤੈਸ਼ੀ ਹੋਣ ਦਾ ਭਰਮ ਪਾਲ ਰਹੇ ਇਹ ਭੱਦਰ ਪੁਰਸ਼ ਨਾ ਸਿਰਫ ਕਮਿ: ਲਹਿਰ ਬਲਕਿ ਸਿੱਖ ਆਵਾਮ ਨਾਲ ਵੀ ਧ੍ਰੋਹ ਕਮਾ ਰਹੇ ਹਨ। (ਮੇਰੇ ਵਿਚਾਰ ਅਨੁਸਾਰ ਹਕੀਕੀ ਕਮਿਊਨਿਸਟ ਲਹਿਰ ਤੇ ਸਿੱਖ ਆਵਾਮ ਦੇ ਹਿਤ ਅਨਿਖੜਵੇਂ ਹਨ) 'ਸਿੱਖ ਖਾੜਕੂਆਂ' ਦੀ ਹਮਾਇਤ ਕਰਕੇ ਉਹ ਨਾ ਸਿਰਫ ਕਮਿਊਨਿਸਟ ਲਹਿਰ ਦੇ ਵਧਾਰੇ/ਪਸਾਰੇ ਵਿਚ ਰੋੜੇ ਅਟਕਾ ਰਹੇ ਹਨ ਬਲਕਿ ਪੰਜਾਬੀਆਂ ਤੇ ਖਾਸ ਕਰਕੇ ਸਿੱਖ ਆਵਾਮ ਤੇ ਹਰ ਤਰ੍ਹਾਂ ਦੀ ਜਾਗਰਤੀ, ਆਧੁਨਿਕਤਾ ਤੇ ਅਗਾਂਹਵਧੂ ਫਿਲਾਸਫ਼ੀ ਦਾ ਵਿਰੋਧੀ–ਪਿਛਾਖੜੀ ਧਾਰਮਕ ਰਾਜ ਪੜ੍ਹਨ ਦੇ ਕੁਕਰਮ ਵਿਚ ਸਹਿਯੋਗੀ ਨਿੱਬੜ ਰਹੇ ਹਨ।

ਸਰਬਤ ਖਾਲਸਾ ਸਮੇਲਨਾਂ ਵਿਚ ਸਿੱਖ ਖਾੜਕੂਆਂ ਦੀ ਪੋਜੀਸ਼ਨ ਪੱਕੇ ਪੈਰੀਂ ਹੁੰਦੀ ਦੇਖ ਖੁਸ਼ ਹੋ ਰਹੇ, ਅਤੇ ਨਿਰਦੋਸ਼ ਲੋਕਾਂ, ਮਾਸੂਮ ਔਰਤਾਂ, ਬੱਚਿਆਂ ਤੇ ਕਮਿ: ਇਨਕਲਾਬੀਆਂ ਸਮੇਤ ਸਿਆਸੀ ਵਿਰੋਧੀਆਂ ਦੇ ਕੀਤੇ ਜਾ ਰਹੇ ਘਿਨੌਣੇ ਕਤਲਾਂ 'ਚੋਂ ਆਪਣੇ "ਜਮਹੂਰੀ ਸੰਗੀਆਂ" ਦੀ ਚੜ੍ਹਤ ਦੇਖ ਤਸੱਲੀ ਲੈ ਰਹੇ ਪੈਗਾਮ ਪੰਥੀਏ ਕੀ ਅਜੇ ਵੀ ਆਪਣੇ ਆਪਨੂੰ ਮਾਰਕਸ ਐਂਗਲਜ਼ ਤੇ ਮਾਉ ਦੇ ਵਾਰਸ ਸਮਝਦੇ ਹਨ। ਇਹਨਾਂ ਦਾ ਮੌਜੂਦਾ ਸੋਚ ਪ੍ਰਬੰਧ ਦੇਖ ਕੇ ਇਹਨਾਂ ਨੂੰ ਕਮਿਊਨਿਸਟ ਤਾਂ ਕੀ, ਜਮਹੂਰੀ ਧਰਮ ਨਿਰਪੱਖ ਤੇ ਤਰਕਸ਼ੀਲ ਵਿਅਕਤੀਆਂ ਦੀ ਸ਼ਰੇਣੀ 'ਚੋਂ ਵੀ ਕੱਢ ਦੇਣ ਨੂੰ ਜੀ ਕਰਦਾ ਹੈ।

–ਕਰਮਜੀਤ

**3.** ਪੰਜਾਬ ਦਾ ਲਮਕ ਰਿਹਾ ਸਿਆਸੀ ਸੰਕਟ ਅੱਜ ਸਾਰੇ ਦੇਸ਼ ਵਾਸੀਆਂ ਲਈ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਦੇਸ਼ਵਾਸੀ ਅੱਜ ਪੰਜਾਬ ਅੰਦਰ ਦਹਿਸ਼ਤ, ਫਿਰਕੂ ਮਹੌਲ ਅਤੇ ਦੇਸ਼ ਦੀ ਏਕਤਾ ਬਾਰੇ ਫਿਕਰਮੰਦ ਹਨ। ਲੋਕਾਂ ਦੀ ਸੱਚੀ ਚਿੰਤਾ ਦਾ ਫਾਇਦਾ, ਹਾਕਮ ਆਪਣੇ ਮਨੋਰਥਾਂ ਲਈ ਉਠਾ ਰਹੇ ਹਨ। ਦੇਸ਼ ਦੀ ਏਕਤਾ ਦੀ ਰਾਖੀ ਅਤੇ ਪੰਜਾਬ ਸੰਕਟ ਦੇ ਹੱਲ ਬਾਰੇ ਮਜ਼ਦੂਰ ਜਮਾਤ ਦਾ ਨਜ਼ਰੀਆ ਕੀ ਹੋਵੇ ? ਇਸ ਸੁਆਲ ਤੋਂ ਪਹਿਲਾਂ ਅਸੀਂ ਸੰਕਟ ਦੇ ਪਿਛੋਕੜ ਤੇ ਸਰਸਰੀ ਝਾਤ ਮਾਰੀਏ।

ਅਜ਼ਾਦ ਭਾਰਤ ਨੂੰ ਸਿਖ ਸਮੱਸਿਆ ਇਤਿਹਾਸਕ ਵਿਰਸੇ ਦੇ ਤੌਰ ਤੇ ਮਿਲੀ ਹੈ। ਮੁਸਲਮਾਨਾਂ ਤੋਂ ਬਿਨਾਂ ਸਿਖ ਫਿਰਕੇ ਵਿਚ ਹੀ ਆਪਣੇ ਹੋਮਲੈਂਡ ਦੀ ਮੰਗ ਉੱਭਰੀ ਸੀ। ਮੁਸਲਮਾਨ ਲੀਡਰਸ਼ਿਪ ਤਾਂ ਮੁਲਕ ਵੰਡ ਕੇ ਵੱਖਰਾ ਪਾਕਸਤਾਨ ਬਣਾਉਣ ਵਿਚ ਸਫਲ ਹੋ ਗਈ ਪਰ ਸਿਖ ਲੀਡਰਸ਼ਿਪ ਕਾਂਗਰਸੀ ਆਗੂਆਂ ਨਾਲ ਸਮਝੌਤਾ ਕਰ ਕੇ ਭਾਰਤ ਅੰਦਰ ਰਹਿ ਗਈ। ਇਹ ਸਮਝੌਤਾ ਭਾਰਤੀ ਵਡੇ ਸਰਮਾਏਦਾਰਾਂ ਅਤੇ ਜਗੀਰਦਾਰਾਂ ਵਲੋਂ ਸਿਖ ਫਿਰਕੇ ਦੇ ਜਗੀਰੂ ਤੱਤਾਂ ਦਰਮਿਆਨ ਉਨ੍ਹਾਂ ਦੀਆਂ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਹੋਇਆ ਸੀ। ਇਨ੍ਹਾਂ ਜਮਾਤਾਂ ਨੇ ਦੇਸ਼ ਅੰਦਰ ਵਿਕਾਸ ਕਰਨ ਲਈ ਸਾਮਰਾਜੀਆਂ ਨਾਲ ਭਿਆਲੀ ਦਾ ਰਾਹ ਚੁਣਿਆਂ। ਸਾਮਰਾਜੀਆਂ, ਵਡੇ ਸਰਮਾਇਦਾਰਾਂ ਅਤੇ ਕੰਟਰੋਲ ਸਾਮਰਾਜੀਆਂ ਦੇ ਹੱਥ ਰਿਹਾ।

ਭਾਰਤੀ ਸਰਮਾਇਦਾਰੀ ਸਿੱਖਾਂ ਦੇ ਆਗੂ ਹਿਸਿਆਂ (ਮੁਖ ਤੌਰ ਤੇ ਜਗੀਰੂ ਤੱਤਾਂ) ਨੂੰ ਆਰਥਕ ਰਿਐਤਾਂ ਤਾਂ ਦੇਣ ਲਈ ਤਿਆਰ ਸੀ ਜਿਵੇਂ ਕਿ ਪਹਿਲਾਂ ਤੋਂ ਸਿਖਿਆ ਲੈ ਕੇ, ਸਿਖਾਂ ਦੇ ਆਗੂ ਤਬਕਿਆਂ ਦੀ ਸਿਆਸੀ ਪਾਰਟੀ ਨੂੰ ਸਿਆਸੀ ਤਾਕਤ ਦੇਣ ਦੀ ਥਾਂ, ਆਰਥਕ ਰਿਐਤਾਂ ਨਾਲ ਹੀ ਵਰਚਾਉਣਾ ਚਾਹੁੰਦੇ ਸਨ। ਅਕਾਲੀ ਦਲ ਦੀ ਅਜ਼ਾਦ ਹੋਂਦ ਦੀ ਥਾਂ, ਆਗੂਆਂ ਨੂੰ ਕਾਂਗਰਸ ਵਿਚ ਸਰਕਾਰੀ ਪਦਵੀਆਂ ਦੇਣ ਲਈ ਤਿਆਰ ਸਨ। ਪੰਜਾਬੀ ਬੋਲਦੇ ਸੂਬੇ ਦੀ ਮੰਗ ਤੋਂ ਵਾਹਵਾ ਦੇਰ ਟਾਲਾ ਵੱਟੀ ਰੱਖਿਆ। ਭਾਰਤੀ ਹਾਕਮਾਂ ਨੇ ਧਰਮ ਨੂੰ ਹਰ ਤਰ੍ਹਾਂ ਆਪਣੇ ਹਿਤ ਵਿਚ ਵਰਤਿਆ ਹੈ ਪਰ ਰਾਜਨੀਤੀ ਦੇ ਖੇਤਰ ਵਿਚ ਕਾਂਗਰਸ ਨੇ ਅਖੌਤੀ ਧਰਮ ਨਿਰਪੱਖਤਾ ਦਾ ਮੁਖੌਟਾ ਚੜ੍ਹਾਈ ਰਖਿਆ ਅਤੇ ਅਕਾਲੀ ਦਲ ਨੂੰ ਵੀ ਵਾਰ ਵਾਰ ਮਜਬੂਰ ਕੀਤਾ, ਕਿ ਉਹ ਧਰਮ ਅਤੇ ਰਾਜਨੀਤੀ ਦੇ ਸੰਬੰਧ ਵਿਚ ਕਾਂਗਰਸੀ ਮਾਡਲ ਅਪਨਾਉਣ। ਭਾਰਤੀ ਸਰਮਾਇਦਾਰੀ ਦੀ ਇਹ ਸੋਚ ਕਿ ਸਿਖ ਧਨਾਢ ਤਬਕਿਆਂ ਨੂੰ ਆਰਥਕ ਰਿਐਤਾਂ ਦੇਣ ਨਾਲ ਸੰਤੁਸ਼ਟ ਕਰਕੇ ਉਨ੍ਹਾਂ ਨੂੰ ਸਿਆਸੀ ਤਾਕਤ ਬਾਰੇ ਉਦਾਸੀਨ ਰੱਖਿਆ ਜਾਵੇ, ਉੱਕਾ ਹੀ ਗਲਤ ਸਾਬਤ ਹੋਈ ਹੈ, ਸਗੋਂ ਵਧੀ ਹੋਈ ਆਰਥਕ ਤਾਕਤ ਨਾਲ ਹੋਰ ਵੀ ਵਧੇਰੇ ਸਿਆਸੀ ਤਾਕਤ ਦੀ ਇੱਛਾ ਪਰਬਲ ਹੋਈ ਹੈ ਅਤੇ ਏਸ ਖਾਤਰ ਇਨ੍ਹਾਂ ਨੇ ਫਿਰਕੇ ਦੀਆਂ ਹੋਮਲੈਂਡ ਦੀਆਂ ਉਮੰਗਾਂ ਨੂੰ ਆਪਣੇ ਮਨੋਰਥ ਖਾਤਰ ਵਰਤਿਆ ਹੈ। ਸਿਆਸੀ ਤਾਕਤ ਲਈ ਇਸ ਨੇ ਸਿਖ ਫਿਰਕੇ ਦੇ ਜਥੇਬੰਦ ਖਾਸੇ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵਰਤਿਆ ਹੈ। ਗੁਰਦੁਆਰਾ ਪਰਬੰਧਕ ਕਮੇਟੀ ਨੂੰ ਕਮਜ਼ੋਰ ਕਰਨ ਖਾਤਰ ਅਤੇ ਅਕਾਲੀ ਕੰਟਰੋਲ ਖਤਮ

ਕਰਨ ਖ਼ਾਤਰ ਕਾਂਗਰਸ ਨੇ ਹਰ ਹੱਥਕੰਡਾ ਵਰਤਿਆ ਹੈ। ਭਾਰਤੀ ਹਾਕਮਾਂ ਦੀ ਦਮਨਕਾਰੀ ਨੀਤੀ ਅਤੇ ਸਿਖ ਧਨ–ਕੁਬੇਰਾਂ ਦੀਆਂ ਅਤਿ ਪਿਛਾਖੜੀ ਇੱਛਾਵਾਂ ਨੇ ਅੱਜ ਖਾਲਿਸਤਾਨ ਦਾ ਟੰਟਾ ਖੜਾ ਕਰ ਦਿੱਤਾ ਹੈ।

ਮਾਰਕਸਵਾਦ ਦਾ ਮਤਲਬ ਹੈ ਠੋਸ ਸਥਿਤੀ ਦਾ ਠੋਸ ਵਿਸ਼ਲੇਸ਼ਣ। ਇਸ ਦਾ ਉੱਕਾ ਹੀ ਗੈਰਪਰਸੰਗਕ ਘੜੇ ਘੜਾਏ ਫਾਰਮੂਲਿਆਂ ਨਾਲ ਕੋਈ ਰਿਸ਼ਤਾ ਨਹੀਂ। ਮਾਰਕਸਵਾਦੀ ਏਸੇ ਲਈ ਮੁੱਖ ਦੁਸ਼ਮਣ ਪਛਾਣ ਕੇ ਉਸ ਵਿਰੁੱਧ ਵਿਆਪਕ ਜਨਤਾ ਦੀਆਂ ਉਮੰਗਾਂ ਨਾਲ ਮੇਲ ਖਾਂਦੇ ਮੁੱਦਿਆਂ ਤੇ ਆਮ ਲੋਕਾਂ ਨੂੰ ਮਜ਼ਦੂਰ ਜਮਾਤ ਦਾ ਕਾਰਜ ਅਗੇਰੇ ਵਧਾਉਣ ਖਾਤਰ ਦੁਸ਼ਮਣ ਵਿਰੁੱਧ ਲਾਮ–ਬੰਦ ਕਰਦੇ ਹਨ। ਏਸੇ ਸਬੰਧ ਵਿਚ ਅੱਜ ਦੇਸ਼ ਦੀ ਏਕਤਾ, ਅਤਿ ਪਿਛਾਖੜੀ ਚਰਿੱਤਰ ਵਾਲੇ ਖਾਲਿਸਤਾਨ ਅਤੇ ਪੰਜਾਬ ਸੰਕਟ ਬਾਰੇ ਮਜ਼ਦੂਰ ਜਮਾਤ ਦੇ ਨਜ਼ਰੀਏ ਨੂੰ ਜ਼ੋਰ ਸ਼ੋਰ ਨਾਲ ਲੋਕਾਂ ਵਿਚ ਲਿਜਾਣ ਦੀ ਲੋੜ ਹੈ ਤਾਂ ਜੋ ਮੁੱਖ ਦੁਸ਼ਮਣ ਨੂੰ ਜਨਤਾ ਵਿਚੋਂ ਨਿਖੇੜਿਆ ਜਾ ਸਕੇ।

ਦੇਸ਼ ਦੀ ਏਕਤਾ ਮਜ਼ਦੂਰ ਜਮਾਤ ਦੀ ਵੀ ਲੋੜ ਹੈ ਅਤੇ ਭਾਰਤੀ ਵਡੇ ਸਰਮਾਇਦਾਰਾਂ ਦੀ ਵੀ, ਭਾਵੇਂ ਕਾਰਣ ਵੱਖ ਵੱਖ ਹਨ। ਭਾਰਤੀ ਸਰਮਾਇਦਾਰੀ ਨੇ ਸਾਰੇ ਦੇਸ਼ ਨੂੰ ਆਪਣੇ ਹਿਤਾਂ ਖਾਤਰ ਮੰਡੀ ਬਣਾਇਆ ਹੈ ਅਤੇ ਇਸ ਦਾ ਹੋਰ ਵੀ ਪਸਾਰ ਲੋਚਦੀ ਹੈ। ਇਸ ਦੀਆ ਵਿਕਾਸ ਨੀਤੀਆਂ ਸਾਮਰਾਜੀਆਂ ਨਾਲ ਭਿਆਲੀ ਪਾ ਕੇ ਆਪਣੇ ਅਤੇ ਜਗੀਰੂ ਰਹਿੰਦ ਖੂੰਹਦ ਦੇ ਹੱਕ ਵਿੱਚ ਭੁਗਤਦੀਆਂ ਹਨ ਅਤੇ ਲੋਕਾਂ ਦੇ ਵਿਰੁੱਧ ਹਨ। ਪੰਜਾਬ ਸੰਕਟ, ਖਾਲਿਸਤਾਨ ਅਤੇ ਦੇਸ਼ ਦੀ ਏਕਤਾ ਨੂੰ ਖਤਰਾ, ਅੱਜ ਤੱਕ ਭਾਰਤੀ ਸਰਮਾਇਦਾਰੀ ਦੀ ਮੁੱਖ ਨੁਮਾਇੰਦਾ ਕਾਂਗਰਸ ਹਕੂਮਤ ਵਲੋਂ ਅੱਜ ਤੱਕ ਚਲਾਈਆਂ ਨੀਤੀਆਂ ਦੀ ਉਪਜ ਹੈ। ਅੱਜ ਉਹ ਪੰਜਾਬ ਸੰਕਟ ਦਾ ਹੱਲ ਕੱਢਣ ਅਤੇ ਦੇਸ਼ ਦੀ ਏਕਤਾ ਬਚਾਈ ਰੱਖਣ ਦੇ ਸਮਰੱਥ ਨਹੀਂ। ਆਪਣੀਆਂ ਗਲਤ ਨੀਤੀਆਂ ਦਾ ਇਕਬਾਲ ਕਰਨ ਦੀ ਥਾਂ, ਉਹ ਲੋਕਾਂ ਨੂੰ ਇਸ ਦਾ ਜ਼ਿੰਮੇਵਾਰ ਠਹਿਰਾ ਰਹੀਆਂ ਹਨ ਅਤੇ ਦਮਨ ਤੇਜ਼ ਕਰਨ ਲਈ ਲੋਕਾਂ ਦੀ ਦੇਸ਼ ਭਗਤ ਭਾਵਨਾਂ ਨੂੰ ਗੁਮਰਾਹ ਕਰ ਰਹੀਆਂ ਹਨ। ਦੇਸ਼ ਦੀ ਏਕਤਾ ਮਜ਼ਦੂਰ ਜਮਾਤ ਲਈ ਲਾਹੇਵੰਦ ਹੈ ਕਿਉਂਕਿ ਲੋਕ–ਪੱਖੀ ਵਿਕਾਸ ਅਤੇ ਸਾਮਰਾਜੀ ਅਤੇ ਉਨ੍ਹਾਂ ਦੇ ਜੋਟੀਦਾਰਾਂ ਵਿਰੁੱਧ ਘੋਲ ਵਿਚ ਸਾਰੇ ਭਾਰਤ ਦੇ ਲੋਕਾਂ ਦੀ ਸ਼ਕਤੀ ਜੁਟਾਉਣ ਲਈ ਮਦਦਗਾਰ ਹੋਵੇਗੀ। ਮਜ਼ਦੂਰ ਜਮਾਤ ਨੇ ਕਾਂਗਰਸ ਦੇ ਝੂਠ ਦਾ ਪਰਦਾ ਫਾਸ਼ ਕਰਨਾ ਹੈ ਅਤੇ ਇਸਦੀ ਦਮਨਕਾਰੀ ਨੀਤੀ ਦਾ ਵਿਰੋਧ ਕਰਨਾ ਹੈ। ਕਾਂਗਰਸ ਤੇ ਇਸ ਮਾਮਲੇ ਵਿਚ ਯਕੀਨ ਕਰਨਾ ਕਿ ਇਹ ਦੇਸ਼ ਦੀ ਰਾਖੀ ਕਰੇਗੀ ਗਲਤੀ ਹੋਵੇਗੀ। ਪਹਿਲਾਂ ਵੀ ਇਹ ਪਾਕਿਸਤਾਨ ਨੂੰ ਤੋੜ ਕੇ ਦੇਸ਼ ਦੇ ਟੋਟੇ ਕਰਵਾ ਚੁੱਕੀ ਹੈ ਅਤੇ ਕਲ੍ਹ ਫਿਰ ਇਹ ਸਾਮਰਾਜੀਆਂ ਦੇ ਦਬਾਅ ਹੇਠ ਦੇਸ਼ ਦੀ ਏਕਤਾ ਬਾਰੇ ਲੋਕਾਂ ਨੂੰ ਧੋਖਾ ਦੇ ਸਕਦੀ ਹੈ। ਕਾਂਗਰਸ ਦੀ ਛਤਰ ਛਾਇਆ ਹੇਠ ਕੋਈ ਵੀ ਏਕਤਾ ਮੰਚ ਜਾਂ ਪਰਚਾਰ ਕਮੇਟੀ ਦੇ ਅਸੀਂ ਕਦੇ ਵੀ ਭਾਗੀ–ਦਾਰ ਨਹੀਂ ਬਣ ਸਕਦੇ। ਇਹ ਗੱਲ ਲੋਕ ਏਕਤਾ ਅਤੇ ਚੇਤਨਾ ਨੂੰ ਹੋਰ ਧੁੰਦਲਾ ਕਰੇਗੀ।

ਕੁਝ ਕਮਿਊਨਿਸਟਾਂ ਦਾ ਇਹ ਵਿਚਾਰ ਕਿ ਮੌਜੂਦਾ ਢਾਂਚਾ ਭਾਰਤੀ ਸਰਮਾਇਦਾਰੀ ਦੇ ਹਿਤ ਵਿਚ ਹੈ, ਇਸ ਇਸ ਲਈ ਸਿਖ ਖਾੜਕੂਆਂ ਦਾ ਘਲ ਭਾਵੇਂ ਖਾਲਿਸਤਾਨ ਲਈ ਹੈ ਅਤੇ ਗਲਤ ਵੀ ਹੈ ਪਰ ਫੇਰ ਵੀ ਇਹ ਕੇਂਦਰ ਨੂੰ ਕਮਜ਼ੋਰ ਕਰਦਾ ਹੈ ਏਸ ਲਈ ਖਾੜਕੂਆਂ ਨਾਲ ਘੋਲ ਦੌਰਾਨ ਉਨ੍ਹਾਂ ਦੇ ਗਲਤ ਨਜ਼ਰੀਏ ਨੂੰ ਭਾਂਜ ਦਿਤੀ ਜਾ ਸਕਦੀ ਹੈ ਅਤੇ ਭਾਰਤੀ ਸਰਮਾਇਦਾਰੀ ਨੂੰ ਕਮਜ਼ੋਰ ਕੀਤਾ ਜਾ ਸਕਦਾ ਹੈ। ਇਹ ਵਿਚਾਰ ਨਿਰਮੂਲ ਵੀ ਹੈ ਅਤੇ ਖਤਰਨਾਕ ਵੀ। ਦਹਿਸ਼ਤਪਸੰਦ–ਕਾਰਵਾਈਆਂ ਕੋਈ ਲੋਕ–ਘੋਲ ਨਹੀਂ ਅਤੇ ਇਹ ਅਤਿ–ਪਿਛਾਖੜੀ ਫ਼ਾਸ਼ੀ ਵਿਚਾਰਧਾਰਾ ਨੂੰ ਪੰਜਾਬ ਅਤੇ ਭਾਰਤੀ ਸਰਮਾਇ–ਦਾਰੀ ਰਾਹੀਂ ਪੰਜਾਬ ਸਮੇਤ ਸਾਰੇ ਦੇਸ਼ ਵਿਚ ਫਾਸ਼ੀਵਾਦ ਠੋਸਣ ਵਿਚ ਹੀ ਸਹਾਈ ਹੋ ਸਕਦਾ ਹੈ। ਅਜਿਹਾ ਫਾਸ਼ੀਵਾਦ ਠੋਸਣ ਵਿਚ ਉਹ ਜਨਤਾ ਦੇ ਪਿਛਲੇ ਚੇਤਨਾ ਵਾਲੇ ਹਿੱਸਿਆਂ ਦਾ ਸਮਰਥਨ ਹਾਸਲ ਕਰ ਸਕਦੇ ਹਨ ਅਤੇ ਇਹ ਕਿਸੇ ਵੀ ਤਰ੍ਹਾਂ ਕਮਿਊਨਿਸਟਾਂ ਦੇ ਹੱਕ ਵਿਚ ਨਹੀਂ। ਏਸੇ ਲਈ ਖਾਲਿਸਤਾਨੀ ਅਤੇ ਦਹਿਸ਼ਤਪਸੰਦ ਕਾਰਵਾਈਆਂ ਵਿਰੁੱਧ ਵੀ ਬੇਕਿਰਕ ਘੋਲ ਦੀ ਲੋੜ ਹੈ। ਖਾਲਿਸਤਾਨ ਦੇ ਅਲੰਬਰਦਾਰ, ਸਿੱਖ ਨੌਜਵਾਨਾਂ ਦੀ ਇਨਕਲਾਬੀ ਸ਼ਕਤੀ ਨੂੰ ਆਪਣੇ ਸੁਆਰਥੀ ਹਿੱਤਾਂ ਲਈ ਵਰਤ ਰਹੇ ਹਨ। ਧਰਮ ਦਾ ਬੁਰਕਾ ਪਾ ਕੇ ਇਹ ਨੌਜੁਆਨਾਂ ਦੀ ਜਮਾਤੀ ਚੇਤਨਾ ਖੁੰਢੀ ਕਰਕੇ ਉਨ੍ਹਾਂ ਨੂੰ ਉਸ ਰਾਹ ਤੇ ਲਿਜਾ ਰਹੇ ਹਨ, ਜਿਸ ਦਾ ਪਰਦਾ ਉੱਠਣ ਤੇ ਉਹ ਖੁਦ ਖੌਫ ਨਾਲ ਕੰਬ ਉੱਠਣਗੇ। ਨੌਜੁਆਨ ਕਦੇ ਵੀ ਅਤਿ ਪਿਛਾਖੜੀ ਲਹਿਰ ਦਾ ਹਿੱਸਾ ਲੰਮੇ ਸਮੇਂ ਤੱਕ ਨਹੀਂ ਰਹਿ ਸਕਦੇ। ਸਿੱਖ ਨੌਜੁਆਨਾਂ ਦੀਆਂ ਜ਼ਖ਼ਮੀ ਭਾਵਨਾਵਾਂ ਜਿਨ੍ਹਾਂ ਨੂੰ ਰਾਖਸ਼ੀ ਤਾਕਤਾਂ ਆਪਣੇ ਸੁਆਰਥਾਂ ਲਈ ਵਰਤ ਰਹੀਆਂ ਹਨ, ਨੂੰ ਤਿਰ–ਸਕਾਰਣ ਦੀ ਥਾਂ ਕਮਿਊਨਿਸਟਾਂ ਨੂੰ ਹਮਦਰਦੀ ਨਾਲ ਸਮਝਣਾ ਚਾਹੀਦਾ ਹੈ ਕਿ ਖਾਲਿਸਤਾਨ ਦੇ ਆਰਥਕ ਢਾਂਚੇ, ਜਿਸਨੂੰ ਉਹ ਬਣੌਣਾ ਲੋਚਦੇ ਹਨ, ਬਾਰੇ ਬਹਿਸ ਤੇਜ਼

ਕਰਨ । ਨੌਜੁਆਨ ਕਦੇ ਵੀ ਜਗੀਰੂ ਤਾਕਤਾਂ ਜਾਂ ਸਾਮਰਾਜ ਦੇ ਹੱਕ ਵਿਚ ਕੁਰਬਾਨੀ ਨਹੀਂ ਦੇਣਾ ਚਾਹੁਣਗੇ । ਸਿੱਖ ਖਾੜਕੂਆਂ ਦੇ ਕਈ ਸਲਾਹਕਾਰ, ਜਿਹੜੇ ਕਿ ਖਾਲਿਸਤਾਨ ਬਾਰੇ ਕਿੰਤੂ ਕਰਦੇ ਸਨ ਜਾਂ ਜਮਾਤਾਂ ਬਾਰੇ ਸਪੱਸ਼ਟ ਸਟੈਂਡ ਲੈਣ ਲਈ ਕਹਿੰਦੇ ਸਨ,, ਅਤਿ ਪਿਛਾਖੜੀ ਤਾਕਤਾਂ ਵਲੋਂ ਚੁੱਪ ਕਰਾ ਕੇ ਲਾਂਭੇ ਕਰ ਦਿੱਤੇ ਗਏ ਹਨ ।

ਇਕ ਹੋਰ ਵਿਚਾਰ, ਕਿ ਅਜਿਹੀ ਲਹਿਰ ਨੂੰ ਸਿਰਫ ਗਾਲ੍ਹਾਂ ਕੱਢ ਕੇ ਹੀ ਜਾਂ ਸਭਿਆਚਾਰਕ ਪ੍ਰੋਗਰਾਮਾਂ ਰਾਹੀਂ ਹੀ ਮਾਤ ਦਿੱਤੀ ਜਾ ਸਕਦੀ ਹੈ, ਵੀ ਸਾਡੀ ਭੁੱਲ ਹੋਇਆ । ਸਿਰਫ਼ ਆਪਣੀ ਗੱਲ ਕਹਿ ਦੇਣ ਨਾਲ ਹੀ ਕਮਿਊਨਿਸਟਾਂ ਦਾ ਫਰਜ਼ ਪੂਰਾ ਨਹੀਂ ਹੋ ਜਾਂਦਾ, ਸਗੋਂ ਵਿਗਿਆਨਕ ਸੋਚ ਦੀ ਤਾਕਤ ਉਦੋਂ ਬਣਦੀ ਹੈ, ਜਦੋਂ ਲੋਕ ਇਸ ਨੂੰ ਅਪਨਾਉਣ । ਲੋਕ-ਪੱਖੀ ਸਮਾਜਕ ਤਾਕਤਾਂ ਅਤੇ ਜਮਾਤਾਂ ਨੂੰ ਪਛਾਣ ਕੇ ਜਮਾਤੀ ਘੋਲ ਤੇਜ਼ ਕਰਨਾ ਬੇਸ਼ੱਕ ਸਾਡਾ ਹਮੇਸ਼ਾ ਹੀ ਕਾਰਜ ਹੁੰਦਾ ਹੈ, ਪਰ ਸਮਾਜ ਵਿਚ ਬੁਰਜੁਆ ਅਤੇ ਕਾਲੀਆਂ ਸ਼ਕਤੀਆਂ ਦੇ ਹਰ ਪੈਂਤੜੇ ਦਾ ਵਿਰੋਧ ਕਰਕੇ ਜਨਤਾ ਨੂੰ ਆਪਣੇ ਪੱਖ ਵਿਚ ਜਿੱਤਣਾ ਵੀ ਜਮਾਤੀ ਘੋਲ ਦਾ ਹੀ ਹਿੱਸਾ ਹੈ । ਦੇਸ਼ ਦੀ ਏਕਤਾ ਬਾਰੇ ਬੁਰਜੁਆ ਅਤੇ ਮਜ਼ਦੂਰ ਜਮਾਤ ਦੀਆਂ ਸੋਚਾਂ ਦਾ ਟਕਰਾਅ ਵੀ ਜਮਾਤੀ ਘੋਲ ਹੈ । ਜਨਤਾ ਵਿਰੁੱਧ ਸਰਕਾਰੀ ਦਮਨ ਅਤੇ ਦਹਿਸ਼ਤਪਸੰਦਾਂ ਦੇ ਅਣਮਨੁੱਖੀ ਕਾਰਿਆਂ ਵਿਰੁੱਧ ਮਜ਼ਦੂਰ ਜਮਾਤ ਦੀ ਸਰਗਰਮੀ ਅਤੇ ਸੋਚ ਵੀ ਜਮਾਤੀ ਘੋਲ ਹੀ ਹੈ । ਅੱਜ ਇਨ੍ਹਾਂ ਸੁਆਲਾਂ ਤੇ ਮਜ਼ਦੂਰ ਜਮਾਤ ਵਲੋਂ ਆਜ਼ਾਦ ਅਤੇ ਦਲੇਰ ਪਹਿਲਕਦਮੀ ਦੀ ਲੋੜ ਹੈ । ਕਾਂਗਰਸ ਹਕੂਮਤ ਦੀਆਂ ਗਲਤ ਆਰਥਕ ਨੀਤੀਆਂ ਨੇ ਖਾਲਿਸਤਾਨ ਪੱਖੀ ਜਮਾਤਾਂ ਪੈਦਾ ਕੀਤੀਆਂ ਹਨ, ਭਿੰਡਰਾਂਵਾਲੇ ਨੂੰ ਉਭਾਰ ਕੇ ਫਿਰ ਅਕਾਲ ਤਖ਼ਤ ਢਾਹ ਕੇ ਅਤੇ ਹਜ਼ਾਰਾਂ ਮਾਸੂਮਾਂ ਦੇ ਕਤਲ ਅਤੇ ਫੌਜੀ ਤਸ਼ੱਦਦ ਰਾਹੀਂ ਖਾਲਿਸਤਾਨੀ ਤਾਕਤਾਂ ਨੂੰ ਬਲ ਬਖਸ਼ਿਆ । ਅੱਜ ਉਨ੍ਹਾਂ ਨਾਲ ਗੱਲਵੱਕੜੀ ਪਾਈ । "ਕਮਿਊਨਿਸਟਾਂ" ਨੂੰ ਲੋਕੀਂ ਸਾਂਝੀਆਂ ਏਕਤਾ ਮੀਟਿੰਗਾਂ ਅਤੇ ਖਾਲਿਸਤਾਨ-ਵਿਰੋਧੀ ਪਲੇਟਫਾਰਮਾਂ ਤੇ ਵੇਖਦੇ ਹਨ ਤਾਂ ਸੱਚਮੁੱਚ ਹੀ ਮਾਸੂਮ ਸਿੱਖ ਨੌਜੁਆਨ ਵੀ ਕਮਿਊਨਿਸਟ-ਵਿਰੋਧੀ ਵਿਚਾਰਾਂ ਅਤੇ ਖਾਲਿਸਤਾਨ ਦੇ ਰਾਹ ਵੱਲ ਧੱਕੇ ਜਾਣਗੇ । ਆਜ਼ਾਦ ਪਹਿਲਕਦਮੀ ਖੱਬੇ ਪੱਖੀ ਸ਼ਕਤੀਆਂ ਆਪਸ ਵਿਚ ਹੀ ਰਲਕੇ ਲੈਣ । ਹਾਲਾਤ ਯਕੀਨੀ ਤੌਰ ਤੇ ਖੁਸ਼ਗੁਆਰ ਮੋੜ ਕੱਟਣ ਲਈ ਸਾਜ਼ਗਰ ਹਨ ।

**—ਤੇਜਿੰਦਰ ਸਿੰਘ ਸੰਧੂ**

**4.** ਸ੍ਰੀ ਗੁਰਸ਼ਰਨ ਸਿੰਘ ਜੀ, ਲਾਲ ਸਲਾਮ ।

"ਸੁਰਖ ਰੇਖਾ" ਦੇ ਮਾਰਚ ਅੰਕ 'ਚ ਇਸ ਪਰਚੇ ਦੇ ਬਹੁ-ਚਰਚਿਤ ਪੱਤਰਕਾਰ ਖੜਕ ਸਿੰਘ ਨੇ ਆਪਣੇ "ਗੁਪਤ ਸਰੋਤਾਂ" ਰਾਹੀਂ ਜਾਣਕਾਰੀ ਹਾਸਲ ਕਰਕੇ ਖਾਲਿਸਤਾਨੀ ਤੇ ਪੈਗ਼ਾਮਪੰਥੀ ਕਾਤਲੀ ਗਰੋਹਾਂ" ਵੱਲੋਂ ਪੰਜਾਬ ਦੇ ਕੁਝ ਚੋਣਵੇਂ "ਕਮਿਊਨਿਸਟ ਆਗੂਆਂ" ਨੂੰ ਕਤਲ ਕਰਨ ਲਈ ਰਚੀ "ਸਾਜ਼ਿਸ਼" ਦਾ ਬਹੁਤ ਹੀ ਨਾਟਕੀ ਤੇ ਸਾਜ਼ਸੀ ਢੰਗ ਨਾਲ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ । ਇਹਨਾਂ ਆਗੂਆ 'ਚ ਤੁਹਾਡਾ ਨਾਂ ਪਹਿਲੇ ਨੰਬਰ 'ਤੇ ਉਭਾਰਿਆ ਗਿਆ ਹੈ । ਬਿਨਾਂ ਸ਼ੱਕ, ਵੱਖੋ ਵੱਖਰੇ ਪੱਖਾਂ ਤੋਂ ਇਸ 'ਮਨੋਹਰ ਕਹਾਣੀਆਂ ਨੁਮਾਂ ਰਿਪੋਰਟ' ਦੀ ਪੰਜਾਬ ਤੇ ਪੰਜਾਬੋਂ ਬਾਹਰ ਵਸਦੇ ਪਾਠਕਾਂ ਤੇ ਸਫਾਂ 'ਚ ਚਰਚਾ ਹੋਈ ਹੈ, ਚਾਹੇ ਹੁੰਗਾਰਾ ਕਿਹੋ ਜਿਹਾ ਵੀ ਹੋਵੇ । ਸਾਡੇ ਵਿਚਾਰ ਅਨੁਸਾਰ ਤਾਂ ਇਸ ਕਿਸਮ ਦੀ ਪੱਤਰਕਾਰੀ ਨਾਲ ਸੁਰਖ ਰੇਖਾ ਨੇ ਸੁਰਖ ਰੇਖਾ ਤੋਂ ਮੂਰਖ ਰੇਖਾ, ਸਿਆਸੀ ਤੋਂ ਸਾਜ਼ਸ਼ੀ ਤੇ ਐਜੀਟੇਟਰ ਤੋਂ ਸਟੰਟ-ਬਾਜ਼ੀ ਵੱਲ ਵਧ ਰਹੇ ਆਪਣੇ ਸਫਰ 'ਤੇ ਹੀ ਹੋਰ ਸ਼ਾਨੇਦਾਰ ਮੀਲ ਪੱਥਰ ਤਹਿ ਕੀਤਾ ਹੈ । ਨਾਲੇ ਖੜਕ ਸਿੰਘ ਦੇ ਗੁਪਤ ਸਰੋਤਾਂ ਦੀਆਂ "ਸਾਜ਼ਸ਼ਾਂ ਤੋੜ" ਸਾਜ਼ਸ਼ੀ ਸਰਗਰਮੀਆਂ 'ਚ ਉਨ੍ਹਾਂ ਦਾ ਟਾਕਰਾ ਕਰਨਾ ਖਾਲਾ ਜੀ ਜੀ ਦਾ ਵਾੜਾ ਨਹੀਂ ਜਿਸਤੋਂ ਕੇ. ਜੀ.ਬੀ., ਸੀ. ਆਈ.ਏ. ਦੇ ਏਜੰਟ ਵੀ ਤਰਿੰਹਦੇ ਹਨ ਅਤੇ ਇਹਨਾਂ ਮਹਾਨ ਜਾਸੂਸਾਂ ਨੁਮਾਂ "ਗੁਪਤ ਸਰੋਤਾਂ" ਦੀ ਮਨੋਹਰ ਕਹਾਣੀਆਂ, ਸੂਰੀਆ ਤੇ ਇੰਡੀਆ ਟੂ ਡੇ ਵਰਗੇ ਪੇਪਰਾਂ ਦੇ ਪਾਠਕਾਂ ਦੇ ਮਨਾਂ 'ਤੇ ਧਾਂਕ ਪਈ ਹੋਈ ਹੈ । ਸੋ ਜਾਸੂਸੀ, ਸਟੰਟਬਾਜ਼ੀ, ਸਾਜ਼ਸ਼ੀਪੁਣੇ ਤੇ ਡਰਾਮੇਬਾਜ਼ੀ ਦੇ ਮੁਕਾਬਲੇ 'ਚ ਸੁਰਖ ਰੇਖਾ ਤੇ ਇਸਦੇ ਸੰਸਾਰ ਪ੍ਰਸਿਧ ਚਰਚਾ ਕਰਾਊ ਪੱਤਰ-ਕਾਰ ਮੂਹਰੇ ਦੋਨੋਂ ਹੱਥ ਖੜੇ ਕਰਨ 'ਚ ਹੀ ਭਲਾ ਹੈ ।

ਜਿਥੋਂ ਤੱਕ ਇਸ ਰਿਪੋਰਟ ਦੇ ਸਿਆਸੀ ਪੱਖ ਦਾ ਸਬੰਧ ਹੈ, ਜੇ ਇਸ ਪੱਖੋਂ ਸੁਰਖ ਰੇਖਾ "ਪੰਜਾਬ ਲਿਬਰੇ-ਸ਼ਨ ਫੋਰਸ (ਨਕਸਲਬਾੜੀ)" ਦੇ ਪ੍ਰੋਗਰਾਮ, ਖਾੜਕੂ ਸਿੱਖਾਂ ਪ੍ਰਤੀ ਉਸਦੇ ਰੱਵਈਏ ਤੇ ਇਕ ਅਜ਼ਾਦ, ਜਮਹੂਰੀ ਤੇ ਧਰਮ ਨਿਰਪੱਖ ਦੇਸ਼ ਪੰਜਾਬ ਸਿਰਜਣ ਲਈ ਹਥਿਆਰਬੰਦ ਘੋਲ ਵਿੱਢਣ ਦੇ ਸੁਆਲਾਂ 'ਤੇ ਕੋਈ ਸੰਜੀਦਾ ਤੇ ਦਲੀਲ ਭਰਪੂਰ ਟਿੱਪਣੀ ਕਰਦਾ ਤਾਂ ਇਹ ਫੋਰਸ ਖੁਦ ਜਾਂ ਇਹਨਾਂ ਸੁਆਲਾਂ 'ਤੇ ਇਸ ਦੀ ਸਮਝ ਨਾਲ ਸਹਿਮਤੀ ਰੱਖਣ ਵਾਲੀ ਕੋਈ ਵੀ ਸਿਆਸੀ ਧਿਰ ਇਸ ਵਿਚਾਰ-ਧਾਰਕ-ਸਿਆਸੀ ਬਹਿਸ ਭੇੜ 'ਚ ਪੈ ਸਕਦੀ ਸੀ । ਪਰ ਸੁਰਖਰੇਖਾ ਨੇ ਇਸ ਰਾਹ ਪੈਣ ਦੀ ਥਾਂ ਕੇਂਦਰੀ ਹਾਕਮਾਂ ਖਿਲਾਫ ਹਥਿਆਰਬੰਦ ਘੋਲ ਵਿੱਢਣ ਲਈ ਤਿਆਰੀਆਂ 'ਚ ਜੁਟੀ ਗੁਪਤ ਜਥੇਬੰਦੀ ਨਾਲ ਪੈਗ਼ਾਮ ਨੂੰ ਝੱਟ ਟੋਚਨ ਕਰਕੇ ਪੁਲਸ ਟਾਊਟਾਂ, ਖੁਫੀਆ ਏਜੰਸੀਆਂ ਤੇ ਪੁਲਸ ਮਸ਼ੀਨਰੀ ਦੀ ਖੋਜ ਪੜਤਾਲ 'ਚ ਵੀ ਬਣਦਾ ਹਿੱਸਾ ਪਾਉਣ ਤੋਂ ਝਿਜਕ ਨਹੀਂ ਵਿਖਾਈ । ਚੇਤੇ ਰਹੇ ਇਹ

ਉਹੀ ਸੁਰਖ ਰੇਖਾ ਹੈ ਜਿਹੜਾ ਐਲਾਨ ਕਰਕੇ ਚਲਦਾ ਹੈ ਕਿ ਉਹ ਸੀ. ਟੀ. ਸੀ. ਪੀ. ਆਈ (ਮ. ਲ.)ਦੀ ਲਾਈਨ ਨੂੰ ਸਹੀ ਮੰਨ ਕੇ ਚਲਦਾ ਹੈ। ਪਰ ਜਦੋਂ ਇਸ ਅਨੁਸਾਰ ਹੀ ਦਰਸ਼ਨ ਦੁਸਾਂਝ ਨੇ ਕਿਤੇ ਇਹ ਕਹਿ ਦਿੱਤਾ ਕਿ ਇਹ ਸੀ. ਟੀ. ਵਾਲਿਆਂ ਦਾ ਪੇਪਰ ਹੈ ਤਾਂ ਇਸਦੇ "ਸੁਰਖ ਰੇਖਾ ਨੂੰ ਬੰਦ ਕਰਵਾਉਣ ਦੀ ਸਾਜ਼ਿਸ਼" ਕਹਿਕੇ ਖੁਲ੍ਹੇ ਪੇਪਰ ਨੂੰ ਗੁਪਤ ਜਥੇਬੰਦੀ ਨਾਲ ਜੋੜਨ ਦੀ ਘੋਰ ਨਿੰਦਾ ਕੀਤੀ ਸੀ। ਇਸ ਬਾਰੇ ਬਹੁਤਾ ਲਿਖਣ ਦੀ ਲੋੜ ਨਹੀਂ, ਖੁਦ ਤੁਹਾਡਾ ਆਪਣਾ ਹੀ ਇਸ ਸਬੰਧੀ ਤਜਰਬਾ ਹੁਣ ਤੱਕ ਕਾਫੀ ਅਮੀਰ ਹੋ ਗਿਆ ਹੈ।

ਪਰ ਫਿਰ ਵੀ ਬਹੁਤ ਸਾਰੇ ਅਜ਼ਾਦ ਤੇ ਪੜਚੋਲੀਆ ਸੋਚਣੀ ਵਾਲਿਆਂ ਸਫਾਂ ਨੇ ਸੁਰਖਰੇਖਾ ਦੀ ਇਸ 'ਸਟੰਟ-ਬਾਜ਼ੀ' ਦਾ ਗੰਭੀਰ ਨੋਟਿਸ ਲਿਆ ਹੈ। ਸਾਡੇ, ਤੁਹਾਡੇ ਤੇ ਬਾਕੀ ਸਿਆਸੀ ਧਿਰਾਂ ਨਾਲ ਗੰਭੀਰ ਮੱਤਭੇਦ ਹਨ ਪਰ ਵਿਚਾਰਾਂ ਦੇ ਭੇੜ ਨੂੰ ਸਾਜ਼ਸ਼ੀ ਢੰਗ ਨਾਲ ਹਥਿਆਰਾਂ ਦੇ ਭੇੜ ਵੱਲ ਸੇਧਤ ਕਰਨ ਦੀ ਸੁਰਖ ਰੇਖਾ ਦੀ ਸਾਜ਼ਸ਼ ਦਾ ਸਭ ਨੂੰ ਜ਼ਰੂਰ ਹੀ ਗੰਭੀਰ ਨੋਟਿਸ ਲੈਣਾ ਬਣਦਾ ਹੈ। ਬਿਨਾਂ ਸ਼ੱਕ ਅਜਿਹੀ 'ਪੱਤਰਕਾਰੀ' ਆਪਣੇ ਆਪ ਨੂੰ ਮੌਜੂਦਾ ਸਟੇਟ ਦੇ ਜਾਨੀ ਦੁਸ਼ਮਣ ਕਰਾਉਣ ਵਾਲੀਆਂ ਸਿਆਸੀ ਧਿਰਾਂ ਦੇ ਆਪਸੀ ਮਹੌਲ ਲਈ ਬੇਹੱਦ ਘਾਤਕ ਹੈ ਤੇ ਨਵੇਂ ਸ਼ੰਕਿਆਂ, ਤੌਖਲਿਆਂ ਤੇ ਬੇਵਿਸ਼ਵਾਸੀ ਪੈਦਾ ਕਰਨ ਵਾਲੀ ਹੈ। ਕਿਉਂਕਿ ਇਸ ਮਸਲੇ 'ਚ ਤੁਸੀਂ ਵੀ ਇਕ ਧਿਰ ਬਣਾ ਲਏ ਗਏ ਹੋ (ਜੇ ਨਾ ਵੀ ਹੁੰਦੇ ਤਾਂ ਵੀ) ਇਸ ਲਈ ਅਸੀਂ ਆਸ ਕਰਦੇ ਹਾਂ ਕਿ ਤੁਸੀਂ ਇਸ ਸਾਜ਼ਸ਼ੀ ਰਿਪੋਰਟ ਦਾ ਗੰਭੀਰ ਨੋਟਿਸ ਲਉਗੇ ਅਤੇ ਆਪਣਾ ਪੱਖ ਸਮਤਾ ਦੇ ਪਾਠਕਾਂ ਤੱਕ ਜ਼ਰੂਰ ਹੀ ਸਪੱਸ਼ਟ ਕਰੋਗੇ।

ਹਾਂ ਪੱਖੀ ਹੁੰਗਾਰੇ ਦੀ ਆਸ ਨਾਲ,

ਮਾਲਵਿੰਦਰ ਸਿੰਘ ਮਾਲੀ ਸੰਪਾਦਕ ਪੈਗ਼ਾਮ ਜਲੰਧਰ

**5.** 10 ਜਨਵਰੀ, 1987 ਦੇ 'ਨਵਾਂ ਜ਼ਮਾਨਾ' ਵਿਚ ਕੇਂਦਰੀ ਟੀਮ C T C P I (ML) ਤੋਂ ਦਰਸ਼ਨ ਦੁਸਾਂਝ ਦੇ ਅਸਤੀਫ਼ੇ ਬਾਰੇ ਪੜ੍ਹ ਕੇ ਬੇਹੱਦ ਅਫ਼ਸੋਸ ਹੋਇਆ। ਇਸ ਬਿਆਨ ਵਿਚ ਉਸ ਨੇ ਕਾਰਨ (ਅਸਤੀਫ਼ੇ ਦਾ) ਵੀ ਸਪਸ਼ਟ ਲਿਖਿਆ ਕਿ ਫਿਰਕਾਪ੍ਰਸਤੀ ਤੇ ਦਹਿਸ਼ਤਵਾਦੀ ਵਿਰੋਧੀ ਤੇ ਜਮਹੂਰੀ ਸ਼ਕਤੀਆਂ ਪ੍ਰਤੀ C.T. C P I (ML) ਦਾ ਰਵੱਈਆ ਤੇ ਸੁਰਖ ਰੇਖਾ ਦਾ ਰੋਲ। ਜਿਵੇਂ ਸਾਥੀ ਬਲਦੇਵ ਮਾਨ ਦੀ ਸ਼ਹੀਦੀ ਤੇ 'ਸੁਰਖ ਰੇਖਾ' ਦਾ ਉਸ ਨੂੰ 'ਸਾਬਕਾ ਨਕਸਲੀ' ਕਹਿ ਕੇ ਛੁਟਿਆਣਾ ਆਦਿ। ਮੈਂ ਸਮਝਦਾ ਹਾਂ ਕਿ ਸਾਥੀ ਬਲਦੇਵ ਮਾਨ ਦਾ ਲੋਕਾਂ ਵਿਚ ਅਧਾਰ ਸੀ। ਉਹ ਪਿੰਡ ਦਾ ਸਰਪੰਚ ਸੀ। ਉਹ ਅੰਤਮ ਦਮਾਂ ਤਕ ਮਜ਼ਦੂਰਾਂ-ਕਿਸਾਨਾਂ ਲਈ ਸੰਘਰਸ਼ਸ਼ੀਲ ਰਿਹਾ। ਉਸ ਦੀ ਸ਼ਹੀਦੀ ਤੇ ਵਡੇ ਵਡੇ ਕੌਮੀ ਅਖਬਾਰਾਂ ਨੇ ਸੰਪਾਦਕੀ ਲਿਖੇ ਅਤੇ ਸੰਸਾਰ ਪੱਧਰ ਤੇ ਇਹ ਗਲ ਗਈ ਕਿ C P I (ML) ਦਾ ਨੇਤਾ ਦਹਿਸ਼ਤਗਰਦਾਂ ਵਿਰੁਧ ਲੜਦਾ ਸ਼ਹੀਦ ਹੋਇਆ ਹੈ। ਉਸ ਦੀ ਆਖਰੀ ਚਿਠੀ ਜੋ ਉਸ ਨੇ ਨਵੇਂ ਸ਼ਹਿਰ ਤੋਂ ਕਿਸਾਨਾਂ ਦੇ ਗੰਨਾਂ ਘੋਲ ਲੜਦਿਆਂ ਆਪਣੀ ਇਕਲੌਤੀ ਬੇਟੀ ਵਲ ਲਿਖੀ, ਨੂੰ ਸਾਰੀ ਭਾਰਤੀ ਪ੍ਰੈਸ ਨੇ ਪ੍ਰਕਾਸ਼ਤ ਕੀਤਾ ਅਤੇ ਆਮ ਲੋਕਾਂ ਤੱਕ ਦਹਿਸ਼ਤਗਰਦਾਂ ਪ੍ਰਤੀ ਨਕਸਲੀਆਂ ਦੇ ਰਵਈਏ ਦਾ ਪਤਾ ਲੱਗਾ। ਜੇਕਰ C T C P I (ML) ਨੇ ਇਨਕਲਾਬੀਪੁਣੇ ਦਾ ਪੈਮਾਨਾ ਕੇਵਲ ਪਾਰਲੀਮੈਂਟ ਨੂੰ ਹੀ ਰਖਿਆ ਹੈ ਤਾਂ ਕਾਮਰੇਡ ਅਰਜਨ ਸਿੰਘ ਮਸਤਾਨਾ(ਸਾਬਕਾ) MLA ਅਤੇ C P I ਦਾ ਸੂਬਾ ਕਮੇਟੀ ਮੈਂਬਰ ਤੇ ਕਾਮਰੇਡ ਅਜੀਤ ਰਾਮ ਦੀਆਂ ਸ਼ਹੀਦੀਆਂ ਨੂੰ ਸੁਰਖ ਰੇਖਾ ਵਿਚ ਕਿਉਂ ਉਛਾਲਿਆ ਗਿਆ। ਤੰਗ ਨਜ਼ਰੀ ਦੀ ਕੋਈ ਹੱਦ ਹੋਣੀ ਚਾਹੀਦੀ ਹੈ। ਕਲਕੱਤੇ ਤੋਂ ਛਪਦੇ ਇਕ ਹਫ਼ਤਾਵਾਰੀ Frontier ਨੇ ਆਪਣੇ ਇਕ ਸੰਪਾਦਕੀ ਵਿਚ ਬਲਦੇਵ ਮਾਨ ਦੀ ਸ਼ਹੀਦੀ ਨੂੰ ਲੈ ਕੇ ਲਿਖਿਆ ਸੀ ਕਿ ਕਾਂਗਰਸ ਤੋਂ ਲੈ ਕੇ ਨਕਸਲੀਆਂ ਤਕ ਪੰਜਾਬ ਵਿਚ ਫਿਰਕਾਪ੍ਰਸਤੀ ਤੇ ਦਹਿਸ਼ਤ ਵਿਰੋਧੀ ਮੋਰਚਾ ਬਣਾਉਣ ਵਿਚ ਵੀ ਕੋਈ ਹਰਜ ਨਹੀਂ। ਚਲੋ ਏਡੇ ਵਸੀਹ ਪੱਧਰ ਤੇ ਪੱਧਰ ਤੇ ਤਾਂ ਨਹੀਂ, ਘਟੋ ਘਟ ਪੰਜਾਬ ਦੇ ਖੱਬੀ ਤੇ ਫਿਰ ਇਨਕਲਾਬੀ ਸੋਚ ਦੇ ਗੁਟਾਂ ਨੂੰ ਜੋ ਮਾਰਕਸਵਾਦ, ਲੈਨਿਨਵਾਦ ਤਥਾ ਮਾਓ ਵਿਚਾਰਧਾਰਾ ਵਿਚ ਯਕੀਨ ਰਖਦੇ ਹਨ, ਇਸ ਮੌਕੇ ਤੇ ਜ਼ਰੂਰ ਇਕੱਠੇ ਹੋ ਕੇ ਇਕ ਦੂਜੇ ਪ੍ਰਤੀ ਹਾਂ-ਪੱਖੀ ਨਜ਼ਰੀਆ ਅਪਣਾਉਣਾ ਸਮੇਂ ਦੀ ਲੋੜ ਹੈ। ਗੁਰਸ਼ਰਨ ਭਾ ਜੀ ਦੇ ਏਕੇ ਦੀ ਅਪੀਲ ਦੀ ਹਾਂ-ਪੱਖੀ ਉਤਰ ਦੇਣ ਦੀ ਥਾਂ ਸੁਰਖ ਰੇਖਾ ਵਲੋਂ ਫ਼ਜ਼ੂਲ ਤੇ ਲੰਮੇ ਚੌੜੇ ਤੇ ਸਮਾਂ ਵਿਹਾਜ ਚੁਕੇ ਲੇਖ ਲਿਖੀ ਜਾਣਾ ਹੇਠਲੇ ਕੇਡਰ ਨੂੰ ਹੋਰ ਨਿਰਾਸਤਾ ਦੀ ਡੂੰਘੀ ਖੱਡ ਵਿਚ ਸੁਟਦਾ ਹੈ। ਤਰਕਸ਼ੀਲਾਂ ਦੀ ਜਥੇਬੰਦੀ ਭੀ ਸੁਰਖ ਰੇਖਾ ਨੂੰ ਪਸੰਦ ਨਹੀਂ, ਜਦੋਂ ਕਿ ਤਰਕਸ਼ੀਲ ਸੋਸਾਇਟੀ ਭੌਤਕਵਾਦ ਬਾਰੇ ਜਨਸਧਾਰਨ ਨੂੰ ਸਹੀ ਸੇਧ ਦੇ ਰਹੀ ਹੈ। ਸੋ ਮੈਂ ਸੁਰਜੀਤ ਭੱਟੀ ਤੇ ਉਨ੍ਹਾਂ ਦੇ ਬਾਕੀ ਸਾਥੀਆਂ ਨੂੰ ਅਪੀਲ ਕਰਦਾ ਹਾਂ ਕਿ ਸਾਥੀ ਦਰਸ਼ਨ ਦੁਸਾਂਝ ਜਿਸ ਦਾ ਜੀਵਨ ਇਨਕਲਾਬੀਆਂ ਲਈ ਇਕ ਮਾਡਲ ਹੈ; ਨੂੰ ਆਪਣਾ ਗਲਤ ਰਵਈਆ ਤੇ ਤੰਗ ਨਜ਼ਰੀਆ ਛੱਡ ਕੇ ਵਾਪਸ ਲਿਆਉਣ ਦੇ ਯਤਨ ਕਰਨ ਅਤੇ ਗੁਰਸ਼ਰਨ ਭਾ ਜੀ ਦੇ ਇਨਕਲਾਬੀ ਏਕੇ ਦੀ ਅਪੀਲ ਨੂੰ ਮੰਨ ਕੇ ਜ਼ਬਰਦਸਤ 'ਇਨਕਲਾਬੀ ਏਕਤਾ ਕੇਂਦਰ' ਬਣਾਉਣ ਵਿਚ ਸਹਾਇਤਾ ਦੇਣ। ਲੋਕ ਤਾਂ ਪਹਿਲਾਂ ਹੀ ਕਮਿਊਨਿਸਟਾਂ ਦੀਆਂ ਤਿੰਨਾਂ ਪਾਰਟੀਆਂ

ਤੇ ਫੇਰ C P I (ML) ਦੇ ਬਹੁਤ ਸਾਰੇ ਗੁਟਾਂ ਤੇ ਉਪ-ਗੁਟਾਂ ਤੋਂ ਘੋਰ ਨਿਰਾਸ਼ ਹਨ ।

2 ਪਟਿਆਲਾ ਵਿਚ ਅੱਜ ਕੱਲ੍ਹ ਬੈਲੇਡ ਆਫ ਨਾਗ-ਯਮਾਂ ਨਾਂ ਦੀ ਫਿਲਮ ਦੇ ਬਹੁਤ ਹੀ ਭੜਕਾਊ ਤੇ ਅਸ਼ਲੀਲ ਕੰਧ ਪੋਸਟਰ, ਜੋ ਲੜਕੀਆਂ ਦੇ ਸਕੂਲ ਨੇੜੇ ਲਗਾਏ ਗਏ ਹਨ, ਦੀ ਅਖਬਾਰਾਂ ਵਿਚ ਆਮ ਚਰਚਾ ਹੈ । 'ਪਲਸ ਮੰਚ' ਨੂੰ ਪਹਿਲ ਕਦਮੀ ਕਰਕੇ ਅਜਿਹੀ ਵਾਹਯਾਤ ਹਰਕਤ, ਜਿਸ ਵਿਰੁਧ ਉਥੋ ਦੇ ਲੋਕ ਵੀ ਉਠ ਰਹੇ ਹਨ, ਦਾ ਸਮੇਂ ਸਿਰ ਨੋਟਿਸ ਲੈਣਾ ਬਣਦਾ ਸੀ । ਜਾਂ ਪਲਸ ਮੰਚ ਵਲੋਂ ਸਰਕਾਰ ਨੂੰ ਸਿਨਮਾ ਮਾਲਕਾਂ ਵਿਰੁੱਧ ਤਾੜਨਾ ਦੇਣੀ ਬਣਦੀ ਸੀ । ਭਾਵੇਂ ਅੱਜ ਕੱਲ 90% ਫਿਲਮਾ ਨੇ ਪੱਛਮੀ ਸਭਿਅਤਾ ਦੀ ਅਸ਼ਲੀਲਤਾ ਅਪਣਾਉਣੀ ਸ਼ੁਰੂ ਕਰ ਦਿਤੀ ਹੈ ਪਰ ਅਜਿਹੇ ਮੌਕਿਆਂ ਤੇ ਸਮੇਂ ਸਿਰ ਬਿਆਨ ਦੇ ਕੇ ਐਕਸ਼ਨ ਵਿਚ ਆਉਣ ਦੀ ਲੋੜ ਸੀ ।

—ਬਲਬੀਰ ਮੁਕੇਰੀਆਂ

## 6. ਕਮਿਊਨਿਸਟ ਇਨਕਲਾਬੀ,ਇਨਕਲਾਬੀ ਜਮਹੂਰੀ ਸ਼ਕਤੀਆਂ ਜਾਂ ਜਥੇਬੰਦੀਆਂ ਦੀ ਏਕਤਾ ਦਾ ਸੁਆਲ ਅਤੇ ਇਨਕਲਾਬੀ ਏਕਤਾ ਕੇਂਦਰ

ਪਿਛਲੇ ਸਮੇਂ ਤੋਂ ਕਮਿਊਨਿਸਟ ਇਨਕਲਾਬੀਆਂ ਵਿਚ ਕੁਝ ਮਹੀਨੇ ਤਕ ਬਹਿਸ ਛੇੜਨ ਤੋਂ ਪਿਛੋਂ 9 ਨਵੰਬਰ ਇਕ ਹਿੱਸੇ ਵੱਲੋਂ ਅੰਸ਼ਕ ਰੂਪ ਵਿਚ ਇਨਕਲਾਬੀ ਏਕਤਾ ਕਰਨ ਦਾ ਟੀਚਾ ਪ੍ਰਾਪਤ ਕਰਕੇ ਆਪਣਾ ਪ੍ਰੋਗਰਾਮ ਪ੍ਰਕਾਸ਼ਤ ਕੀਤਾ ਹੈ ।

ਦੂਸਰੇ ਹਿੱਸੇ ਵਲੋਂ ਇਸ ਵਿਚ ਆਉਣ ਦੀ ਅਸਮਰਥਾ ਪ੍ਰਗਟਾਈ ਹੈ । ਜਾਂ ਆਉਣ ਲਈ ਸ਼ਰਤਾਂ ਸਮੇਤ ਅਲੋਚਨਾ ਕੀਤੀ ਹੈ ਅਤੇ ਅੱਜ ਦੇ ਮਾਰਕਸਵਾਦੀ ਦਰਸ਼ਨ ਵਿਗਿਆਨ ਮਾਓਵਾਦ ਨੂੰ ਰਾਹ ਦਸੇਰਾ ਮੰਨ ਕੇ ਚਲਦੇ ਹੋਏ ਸਥਾਪਤ ਮਾਓਵਾਦੀ ਪ੍ਰਸੰਗ ਨੂੰ ਮੂਲ ਗਿਰੀ ਵਜੋਂ ਲੈ ਕੇ ਥੜਾ ਉਸਾਰਨ ਜਾ ਏਕਤਾ ਲਈ ਰਾਹ ਮੋਕਲਾ ਕਰਨ ਲਈ ਦ੍ਰਿੜਤਾ ਦਰਸਾਈ ਹੈ । ਅਤੇ ਇਸ ਪ੍ਰਸੰਗ ਵਿਚ ਜੋ ਮਤਭੇਦ ਹਨ ਉਨ੍ਹਾਂ ਨੂੰ ਰਾਖਵੇਂ ਰਖਕੇ ਵਾਦ ਵਿਵਾਦਹਾਰੀ ਹਲ ਕਰਨ ਦੇ ਯਤਨ ਨੂੰ ਲੈਕੇ ਗੱਲ ਤੋਰਦੇ ਹਨ ।

ਕਮਿਊਨਿਸਟ ਇਨਕਲਾਬੀ, ਇਨਕਲਾਬੀ ਸ਼ਕਤੀਆਂ ਜਾਂ ਜਥੇਬੰਦੀਆਂ ਦੇ ਏਕਤਾ ਦੇ ਮਸਲੇ ਤੇ ਵਿਚਾਰ ਕਰਨ ਲੱਗਿਆ ਏਕਤਾ ਦੇ ਅਸੂਲ ਮਿਥਣ ਲੱਗਿਆਂ ਸਾਨੂੰ ਸਭ ਤੋਂ ਪਹਿਲਾਂ ਇਨ੍ਹਾਂ ਸ਼ਕਤੀਆਂ ਦੀ ਜੋ ਜਥੇਬੰਦਕ ਰੂਪ ਵਿਚ ਵਿਚਰ ਰਹੀਆਂ ਹਨ, ਉਨ੍ਹਾਂ ਦੇ ਪ੍ਰੋਗਰਾਮ ਕਾਰਜ ਖੇਤਰ ਤੇ ਸਮਾਜ ਸੰਘਰਸ਼ ਦੇ ਪ੍ਰਸੰਗ ਵਿਚ ਯੋਗਦਾਨ ਅਤੇ ਸੰਘਰਸ਼ ਦੀ ਸੇਧ ਨੂੰ ਮੁਖ ਰਖਕੇ ਪਛਾਣ ਕਰਨੀ ਲੋੜੀਂਦੀ ਹੈ । ਤਾਂ ਜੋ ਇਹ ਮਸਲਾ ਵਿਗਿਆਨਕ ਤਰੀਕੇ ਨਾਲ ਸਰਾਥਿਕ ਰੂਪ ਵਿਚ ਹਲ ਕੀਤਾ ਜਾ ਸਕੇ ।

ਤਾਂ ਕੀ. ਇਹ ਏਕਤਾ ਸਾਰੀਆਂ ਇਨਕਲਾਬੀ ਜਥੇਬੰਦੀਆਂ ਨੂੰ ਇਕ ਪਾਰਟੀ ਵਿਚ ਪਰੋਣ ਲਈ ਕਰਨੀ ਹੈ । ਜਾਂ ਇਨਕਲਾਬੀਆਂ ਅਧੀਨ ਕੰਮ ਕਰ ਰਹੀਆਂ ਜਮਹੂਰੀ ਵਰਗ ਜਥੇਬੰਦੀਆਂ ਨੂੰ ਇਕ ਇਕ ਵਰਗ ਜਥੇ-ਬੰਦੀ ਵਿਚ ਲਿਆਉਣ ਲਈ, ਜਾਂ ਕਿਸੇ ਭਖਦੇ ਮਸਲੇ ਲਈ ਵਿਸ਼ਾਲ ਮੋਰਚਾਂ ਉਸਾਰਨ ਲਈ । ਇਹ ਸਭ ਕੁਝ ਸਾਹਮਣੇ ਰੱਖਕੇ ਸਾਨੂੰ ਤੁਰਨਾ ਚਾਹੀਦਾ ਹੈ, ਤਾਂ ਹੀ ਅਸੀਂ ਕੁਝ ਹਾਸਲ ਕਰਨ ਦੇ ਯੋਗ ਹੋ ਸਕਾਂਗੇ ।

ਸਭ ਤੋਂ ਪਹਿਲਾਂ ਇਨ੍ਹਾਂ ਜਥੇਬੰਦੀਆਂ ਦੀ ਪਛਾਣ ਹੋਣੀ ਚਾਹੀਦੀ ਹੈ। ਕਿਹੜੀਆਂ ਜਥੇਬੰਦੀਆਂ ਇਨਕਲਾਬੀ ਕਮਿਊਨਿਸਟ ਘੇਰੇ ਵਿਚ ਆਉਂਦੀਆਂ ਹਨ ਅਤੇ ਕਿਹੜੀਆਂ ਇਨਕਲਾਬੀ ਜਮਹੂਰੀ ਘੇਰੇ ਵਿਚ ਬਾਕੀ ਨਿਰੋਲ ਜਮਹੂਰੀ ਜਥੇਬੰਦੀਆਂ ਜੋ ਇਨਕਲਾਬ ਵਿਰੋਧੀ ਨਹੀਂ ਹਨ ਕਿਸੇ ਵਿਸ਼ਾਲ ਜਨਤਕ ਮੋਰਚੇ ਵਿਚ ਆ ਸਕਦੀਆਂ ਹਨ ।

ਅਸੀਂ ਕਮਿਊਨਸਟ ਇਨਕਲਾਬੀਆਂ ਦੀ ਪਛਾਣ ਕਰਨ ਲੱਗਿਆਂ ਮੁਖ ਕਸਵੱਟੀ ਵਜੋਂ ਅੱਜ ਦੇ ਮਾਰਕਸ-ਵਾਦ ਮਾਓਵਾਦੀ ਸਿਧਾਂਤ ਨੂੰ ਮੰਨਕੇ ਤੁਰਾਂਗੇ । ਜਿਸ ਵਿਚ ਸਾਮਰਾਜੀਆਂ ਦੁਆਰਾ ਲੁਟੇ ਜਾਂਦੇ ਦੱਬੇ ਕੁਚਲੇ ਦੇਸਾਂ ਵਿਚ ਇਨਕਲਾਬ ਦੀ ਸੇਧ ਅਤੇ ਆਗੂ ਰਾਹ ਨਵ-ਜਮਹੂਰੀ ਇਨਕਲਾਬ ਹੈ । ਜਿਸ ਵਿਚ ਮੁਖ ਚਾਲਕ ਸ਼ਕਤੀ ਕਿਸਾਨੀ ਅਤੇ ਅਧਾਰ ਖੇਤਰ ਉਸਾਰਨਾ ਮੁਖ ਪੈਂਤੜੇ । ਪੂਲਾ ਰੈਡੀ ਗਰੁਪ ਵਲੋਂ ਜੋ ਚੋਣਾਂ ਵਿਚ ਭਾਗ ਲੈਣ ਦੀ ਗੱਲ ਨੂੰ ਛੱਡ ਦੇਈਏ ਜੋ ਉਹ ਏਕਤਾ ਲਈ ਛੱਡਣ ਨੂੰ ਤਿਆਰ ਵੀ ਹਨ । ਇਸ ਘੇਰੇ ਵਿਚ ਆ ਸਕਦੇ ਹਨ । ਇਨਕਲਾਬੀ ਜਮਹੂਰੀ ਜਥੇਬੰਦੀਆਂ ਮਾਓ-ਵਾਦ ਨੂੰ ਨੈਤਿਕ ਤੌਰ ਤੇ ਮੰਨਕੇ ਤੁਰਦੀਆਂ ਹਨ ਪਰ ਸੰਘਰਸ਼ ਦੇ ਪਰਸੰਗ ਵਿਚ ਉਹ ਹੋਰ ਤਰੀਕੇ ਵੀ ਅਪ-ਨਾਉਂਦੀਆਂ ਹਨ ਜਿਵੇਂ I.P.F. ਵਰਗੀਆਂ ਜਥੇਬੰਦੀਆਂ "ਜੈਕਾਰਾ" ਵਾਲੇ ਮਾਓਵਾਦ ਨੂੰ ਨੈਤਿਕ ਤੌਰ ਤੇ ਮੰਨਦੇ ਤਾਂ ਹਨ ਪਰ ਭਾਰਤ ਦੇ ਆਰਥਿਕ ਅਤੇ ਸਮਾਜੀ ਨਿਰਣੇ ਬਾਰੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਵੱਖਰਾ ਹੈ ।

ਤੀਸਰੇ ਨਿਰੋਲ ਜਮਹੂਰੀ ਜਥੇਬੰਦੀਆਂ ਜੋ ਇਨਕਲਾਬੀ ਨਾ ਹੁੰਦਿਆਂ ਵੀ ਇਨਕਲਾਬ ਵਿਰੋਧੀ ਨਹੀਂ ਹਨ ।

ਸੋ ਇਸ ਤਰ੍ਹਾਂ ਜੇ ਅਸੀਂ ਕਮਿਊਨਿਸਟ ਇਨਕਲਾਬੀ ਇਨਕਾਲਬੀ ਜਮਹੂਰੀ ਏਕਤਾ ਜਾਂ ਵਿਸ਼ਾਲ ਜਮਹੂਰੀ ਫਰੰਟ ਉਸਾਰਨਾ ਚਾਹੁੰਦੇ ਹਾਂ ਤਾਂ ਉਪ੍ਰੋਕਤ ਸਮਝ ਨੂੰ ਧਿਆਨ ਗੋਚਰਾ ਰਖਣਾ ਬਣਦਾ ਹੈ । ਤਾਂ ਸ: ਗੁਰਸ਼ਰਨ ਸਿੰਘ ਦੀ ਪਹਿਲ ਕਦਮੀ ਵਾਲੇ-ਇਨਕਲਾਬੀ ਏਕਤਾ ਕੇਂਦਰ-ਨੂੰ-ਇਨਕਲਾਬੀ ਜਮਹੂਰੀ ਏਕਤਾ ਕੇਂਦਰ- ਕਹਿਣਾ ਹੀ ਵਧੇਰੇ ਮੁਨਾਸਬ ਹੋਵੇਗਾ ।

ਗੁਰਿੰਦਰ ਸਿੰਘ

## ਭਾਰਤੀ ਲੋਕ" ਨੀਚ ਕਿਵੇਂ ਬਣੇ" : ਪੁਸਤਕ ਬਾਰੇ

ਗੁਰਨਾਮ ਸਿੰਘ ਮੁਕਤਸਰ ਦੁਆਰਾ ਸੰਕਲਤ ਕੀਤੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਪੜ੍ਹੀ ਹੈ। ਮੁੱਖ ਬੰਦ ਵਿਚ ਲੇਖਕ ਨੇ ਆਪਣੇ ਜੀਵਨ ਦੀਆਂ ਜਾਤ-ਪਾਤੀ ਅਧਾਰ ਤੇ ਵਾਪਾਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ। ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਜਾਤ-ਪਾਤੀ ਪ੍ਰਬੰਧ ਜੋ ਇਕ ਮਾਨਸਿਕ ਰੋਗ ਦੇ ਤੌਰ ਤੇ ਭਾਰਤੀ ਸਮਾਜ ਉਤੇ ਭਾਰੂ ਹੈ। ਇਸ ਦੀਆਂ ਜੜ੍ਹਾਂ ਕਿਥੇ ਹਨ, ਕਿਸ ਸਭਿਆਚਾਰ ਵਿਚ ਹੈ, ਇਸ ਬਾਰੇ ਲੇਖਕ ਨੇ ਆਪਣੀ ਗੱਲ ਕੀਤੇ ਬਗੈਰ ਹੀ ਹਿੰਦੂਆਂ ਦੇ ਧਾਰਮਕ ਗ੍ਰੰਥਾਂ ਦੇ ਹਵਾਲਿਆਂ ਨਾਲ ਸਾਬਤ ਕੀਤਾ ਹੈ ਕਿ ਹਿੰਦੂ ਕਲਚਰ ਅਸਲ ਵਿਚ ਮਨੁੱਖ ਦੀ ਵੰਡ, ਉਚ-ਨੀਚ, ਛੂਆ-ਛਾਤ, ਛਲ-ਕਪਟ ਆਦਿ ਦਾ ਦਕਿਆਨੂਸੀ ਸੜਿਆਂਦ ਮਾਰਦਾ ਪ੍ਰਬੰਧ ਹੈ। ਅਤੇ ਇਹਨਾਂ ਗ੍ਰੰਥਾਂ ਨੂੰ ਧਾਰਮਿਕ ਪਰਵਾਨਗੀ ਦੇ ਕੇ ਭਾਰਤ ਦੇ ਸਾਰੇ ਸਮਾਜ ਨੂੰ ਹੀ ਅਣ-ਮਨੁੱਖ ਵਤੀਰੇ ਦੇ ਚਿੱਕੜ ਵਿਚ ਗੱਡ ਦਿਤਾ ਹੈ। ਇਸ ਤੋਂ ਬਾਦ ਬਾਣੀ ਦਾ ਮੂਲ ਰੂਪ ਦਿਤਾ ਗਿਆ ਹੈ। ਜੋ ਗੁਰੂ ਰਵੀਦਾਸ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂਆਂ ਨੇ ਰਚੀ। ਇਸ ਵਿਚ ਸ਼ੱਕ ਦੀ ਕੋਈ ਗੁੰਜ਼ਾਇਸ਼ ਨਹੀਂ ਰਹਿੰਦੀ ਕਿ ਸਿੱਖ ਸਭਿਆਚਾਰ ਜੋ ਬਾਣੀ ਰਾਹੀਂ ਉਸਾਰਿਆ ਗਿਆ, ਉਹ ਬੁਨਿਆਦੀ ਰੂਪ 'ਚ ਬ੍ਰਾਹਮਣਵਾਦੀ ਸਭਿਆਚਾਰ ਦੇ ਖਿਲਾਫ਼ ਉਠਿਆ ਇਕ ਤੂਫਾਨ ਸੀ। ਅਤੇ ਉਸਨੂੰ ਨਕਾਰ ਅਤੇ ਧਿਰਕਾਰ ਕੇ ਉਸਦੀ ਥਾਂ ਇਕ ਮਨੁੱਖੀ ਭਾਈਵਾਲ ਦਾ ਸਭਿਆਚਾਰਕ ਸਿਧਾਂਤ ਪੇਸ਼ ਕੀਤਾ। ਮੁੱਢ ਵਿਚ ਹੀ ਗੁਰੂ ਰਵੀਦਾਸ ਨੇ ਬ੍ਰਾਹਮਣੀ ਜਾਤ ਪਾਤੀ ਬਣਤਰ ਅਤੇ ਗੁਲਾਮੀ ਨੂੰ ਭੰਡਦਿਆਂ ਇਕ ਅਜਿਹੇ ਰਾਜ ਦੀ ਤਮੰਨਾ ਕੀਤੀ ਜਿਸ ਵਿਚ ਸਾਰੀ ਮਨੁੱਖਤਾ ਨੂੰ ਬਰਾਬਰੀ ਤੇ ਖੜੋਨ ਦਾ ਸੰਦੇਸ਼ ਦਿਤਾ। ਪਰੰਤੂ ਸਿਖ-ਲਹਿਰ ਰਾਜਨੀਤਕ ਪੜਾ ਤੇ ਆ ਕੇ ਲੱਗ-ਪੱਗ ਆਪਣੀ ਵਿਅਕਤੀਗਤ ਤੇ ਸਿਧਾਂਤਕ ਤਾਕਤ ਗੁਆ ਚੁੱਕੀ ਸੀ। ਜਿਸ ਕਾਰਨ ਬਰਾਬਰੀ ਦੇ ਰਾਜ ਦਾ ਸੁਪਨਾ ਅਧੂਰਾ ਰਹਿ ਗਿਆ ਤੇ ਇਹ ਵੀ ਬ੍ਰਾਹਮਣਵਾਦ ਦੇ ਹੀ ਥੱਲੇ ਲੱਗ ਕੇ ਮੁੜ ਜਾਤ-ਪਾਤੀ ਹੋ ਗਈ।

ਪੁਸਤਕ ਦੇ ਅੰਤਲੇ ਦੋ ਸਫ਼ਿਆਂ ਵਿਚ ਲੇਖਕ ਨੇ ਡਾ: ਬੀ. ਆਰ. ਅੰਬੇਦਕਰ ਦੁਆਰਾ ਲਿਖੇ ਗਏ ਸੰਵਿਧਾਨ ਦਾ ਉਹ ਭਾਗ ਪੇਸ਼ ਕੀਤਾ ਹੈ, ਜਿਸ ਰਾਹੀਂ ਮਨੂੰਵਾਦ, ਬ੍ਰਾਹਮਣ-ਵਾਦ, ਜਾਤ-ਪਾਤੀ ਪ੍ਰਬੰਧ, ਛੂਆ-ਛਾਤ ਖਤਮ ਕਰਨ ਲਈ ਇਕ ਕਨੂੰਨੀ ਤਾਕਤ ਪ੍ਰਦਾਨ ਕੀਤੀ। ਇਹਨਾਂ ਮੌਲਿਕ-ਅਧਿਕਾਰਾਂ ਦੀਆਂ ਧਾਰਾਵਾਂ ਨੂੰ ਪੜ੍ਹਦਿਆਂ ਹੀ ਸਾਫ਼ ਹੋ ਜਾਂਦਾ ਹੈ ਕਿ ਕਨੂੰਨ ਰਾਹੀਂ ਮਨੂੰਵਾਦ ਦੇ ਜਾਤ ਪਾਤੀ ਸਿਧਾਤਾਂ ਨੂੰ ਪੂਰਨ ਰੂਪ ਵਿੱਚ ਗੈਰ ਕਨੂੰਨੀ ਠਹਿਰਾਇਆ ਗਿਆ ਅਤੇ ਅਜਿਹੇ ਪ੍ਰਬੰਧ ਦੀ ਵਿਵਸਥਾ ਕੀਤੀ ਗਈ, ਜਿਸ ਰਾਹੀਂ ਭਾਰਤ ਦੇ ਸਾਰੇ ਲੋਕ ਜ਼ਿੰਦਗੀ ਦੇ ਹਰ ਖੇਤਰ ਵਿਚ ਬਰਾਬਰੀ ਮਾਣ ਸਕਣ।

ਸ੍ਰੀ ਗੁਰਨਾਮ ਸਿੰਘ ਦੀ ਇਹ ਪੁਸਤਕ ਰੂਪ ਪਖੋਂ ਅਤੇ ਲੁਕੇ ਹੋਏ ਵਿਚਾਰ ਪਖੋਂ ਇਕ ਨਿਵੇਕਲੀ ਪੁਸਤਕ ਹੈ। ਇਸ ਲਈ ਇਹ ਪੁਸਤਕ ਸਮਾਜ ਦੇ ਪ੍ਰਗਤੀਸ਼ੀਲ ਬੁੱਧੀ-ਜੀਵੀਆਂ ਅਤੇ ਖਾਸ ਤੌਰ ਤੇ ਦਲਿਤ ਵਰਗ ਦੇ ਹਰ ਇਸਤਰੀ-ਪੁਰਸ਼ ਲਈ ਮਹੱਤਵ ਪੂਰਨ ਅਤੇ ਅਹਿਮ ਦਸਤਾਵੇਜ਼ ਹੈ। —ਸ਼ੇਖਾ ਸਿੰਘ ਭਾਗਸਰ

## ਸ਼ਹੀਦ ਭਗਤ ਸਿੰਘ ਸਾਡਾ ਹੈ ( ਇਨਕਲਾਬੀ ਮਾਰਚ ਦੇ ਪ੍ਰਸੰਗ ਵਿਚ )

ਇਨਕਲਾਬੀ ਏਕਤਾ ਕੇਂਦਰ ਵਲੋਂ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਨੂੰ ਅਤੇ ਇਨਕਲਾਬ ਦੇ ਸੁਨੇਹੇ ਨੂੰ ਲੋਕਾਂ ਤਕ ਪੁਚਾਣ ਲਈ ਇਕ ਇਨਕਲਾਬੀ ਮਾਰਚ ਮਿਤੀ 8 ਮਾਰਚ ਤੋਂ ਰੰਜੀਤ ਬਾਗ਼ ਜ਼ਿਲਾ ਗੁਰਦਾਸਪੁਰ ਤੋਂ ਸ਼ੁਰੂ ਕੀਤਾ ਗਿਆ। ਗੁਰਦਾਸਪੁਰ, ਅੰਮ੍ਰਿਤਸਰ, ਕਪੂਰਥਲਾ, ਜਲੰਧਰ ਦੇ ਪਿੰਡਾਂ ਅਤੇ ਸ਼ਹਿਰਾਂ ਵਿਚੋਂ ਲੰਘਦਾ ਇਹਦਾ ਇਕ ਪੜਾਅ 22 ਮਾਰਚ ਖਟਕੜਕਲਾਂ ਆ ਕੇ ਖਤਮ ਕੀਤਾ ਗਿਆ। 23 ਮਾਰਚ ਤੋਂ 8 ਅਪ੍ਰੈਲ ਤਕ ਇਹ ਮਾਰਚ ਚੋਣਵੀਆਂ ਥਾਂਵਾਂ ਤੇ ਲਿਜਾਇਆ ਜਾ ਰਿਹਾ ਹੈ। 8 ਅਪ੍ਰੈਲ ਦਾ ਦਿਨ ਉਹ ਦਿਨ ਹੈ, ਜਦੋਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੇ ਕਾਲੇ ਬਿਲਾਂ ਵਿਰੁੱਧ ਰੋਸ ਪ੍ਰਗਟ ਕਰਦੇ ਹੋਏ ਅਸੈਂਬਲੀ ਵਿਚ ਬੰਬ ਸੁਟਿਆ ਸੀ। 7 ਮਾਰਚ ਦੀ ਸ਼ਾਮ ਸਾਰੇ ਪਾਸੇ ਤੋਂ ਇਸ ਮਾਰਚ ਜਾਂ ਕਾਫਲੇ ਵਿਚ ਸ਼ਾਮਲ ਹੋਣ ਵਾਲੇ ਸਾਥੀ ਰੰਜੀਤ ਬਾਗ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਅੰਮ੍ਰਿਤਸਰ ਦੇ ਸਾਥੀ ਮੇਰੇ ਨਾਲ ਇਕ ਫੋਰਵੀਲਰ ਤੇ ਅੰਮ੍ਰਿਤਸਰ ਤੋਂ ਰੰਜੀਤ ਬਾਗ ਪੁੱਜੇ। ਫੋਰਵੀਲਰ ਦੇ ਅਗੇ ਸ਼ਹੀਦ ਭਗਤ ਸਿੰਘ ਦੀ ਇਕ ਵਡੀ ਫੋਟੋ ਸੀ। ਚਾਰ ਵਡੇ ਝੰਡੇ ਹਵਾ ਵਿਚ ਲਹਿਰਾ ਰਹੇ ਸਨ। ਕਪੂਰਥਲਾ ਦੇ ਸਾਥੀ ਕਾਮਰੇਡ ਜੈਮਲ ਸਿੰਘ ਪੱਡਾ ਦੀ ਅਗਵਾਈ ਵਿਚ ਇਕ ਜੀਪ ਤੇ ਆਏ ਸਨ। ਇਨਕਲਾਬੀ ਏਕਤਾ ਕੇਂਦਰ ਦੀਆਂ ਵੱਖ ਵੱਖ ਧਿਰਾਂ ਦੇ ਨੁਮਾਇੰਦੇ ਨਿਰਭਿੰਦਰ ਸਿੰਘ, ਗੋਪਾਲ ਸਿੰਘ, ਅਸ਼ਨਵੀ ਕੁਮਾਰ, ਅਜਮੇਰ ਸਿੰਘ ਸਰਦਾਰਾ ਸਿੰਘ ਮਾਹਲ, ਦਰਸ਼ਨ ਸਿੰਘ ਖੱਟਕੜ ਅਤੇ ਹੋਰ ਗੁਰਦਾਸਪੁਰ ਜ਼ਿਲੇ ਦੇ ਸਾਰੇ ਸਾਥੀ ਉਥੇ ਪੁੱਜੇ ਹੋਏ ਸਨ। ਰੰਜੀਤ ਬਾਗ ਦੇ ਜੀ. ਟੀ. ਰੋਡ ਵਾਲੇ ਬਸ ਅੱਡੇ ਤੋਂ ਪਿੰਡ ਤਕ ਨਾਅਰੇ ਮਾਰਦਾ ਹੋਇਆ, ਕਾਫਲਾ ਆਥਨ ਵੇਲੇ ਪਿੰਡ ਵਿਚ ਦਾਖਲ ਹੋਇਆ। ਇਸ ਪਿੰਡ ਵਿਚ ਬੇਜ਼ਮੀਨੇ ਲੋਕਾਂ ਨੇ ਜਗੀਰਦਾਰੀ ਹੈਂਕੜ ਵਿਰੁਧ ਕਾਮਯਾਬ ਸੰਘਰਸ਼ ਲੜੇ ਹੋਏ ਸਨ। ਇਕ ਵਿਸ਼ੇਸ਼ ਕਿਸਮ ਦਾ ਜੋਸ਼ ਅਤੇ ਉਤਸ਼ਾਹ ਸੀ। 8 ਮਾਰਚ ਤੋਂ 22 ਮਾਰਚ ਤਕ ਇਸ ਕਾਫਲੇ ਦਾ ਇਕ ਮਿਥਿਆ ਹੋਇਆ ਪ੍ਰੋਗਰਾਮ ਸੀ। ਜਿਸ ਪਿੰਡ ਰਾਤ ਟਿਕਾਨਾ ਕੀਤਾ ਜਾਂਦਾ ਉਥੇ ਰਾਤ ਜਾਂ ਸ਼ਾਮ ਇਕ ਵਡਾ

ਸਭਿਆਚਾਰਕ ਪ੍ਰੋਗਰਾਮ ਕੀਤਾ ਜਾਂਦਾ ਅਤੇ ਬੁਲਾਰੇ ਵਿਸਥਾਰ ਨਾਲ ਇਨਕਲਾਬ ਦੀ ਲੋੜ ਬਾਰੇ ਦਸਦੇ ਅਤੇ ਨਾਲ ਹੀ ਪੰਜਾਬ ਦੇ ਮੌਜੂਦਾ ਹਾਲਾਤਾਂ ਬਾਰੇ ਲੋਕਾਂ ਨੂੰ ਆਪਣੇ ਵਿਚਾਰ ਦਸੇ ਜਾਂਦੇ। ਸਵੇਰੇ 9 ਵਜੇ ਤੋਂ ਉਹ ਕਾਫਲਾ ਫੇਰ ਅਗਲੇ ਪੜਾਅ ਵਲ ਚਲ ਪੈਂਦਾ। ਇਕ ਫੋਰਵੀਲਰ, ਜਿਸ ਉਤੇ ਸਪੀਕਰ ਲਗਿਆ ਹੋਇਆ ਸੀ, ਇਕ ਜੀਪ, ਇਕ ਜੋਂਗਾ ਅਤੇ ਇਕ ਟਰੈਕਟਰ, ਜਿਨ੍ਹਾਂ ਉਤੇ 70 ਦੇ ਕਰੀਬ ਲੋਕ ਸਵਾਰ ਹੁੰਦੇ ਕਾਫਲੇ ਦਾ ਪੱਕਾ ਭਾਗ ਸਨ। ਜਿਥੇ ਵੀ ਪਿੰਡ ਆਉਂਦਾ ਸੀ, ਉਥੇ ਕਾਫਲਾ ਕੁਝ ਚਿਰ ਲਈ ਖਲੋਂਦਾ ਸੀ। ਆਪਣੇ ਕਾਫਲੇ ਦਾ ਮੰਤਵ ਸਪੀਕਰ ਤੇ ਬੋਲਿਆ ਜਾਂਦਾ ਸੀ। ਨਾਅਰੇ ਲਗਾਏ ਜਾਂਦੇ ਸਨ। ਜਿਨ੍ਹਾਂ ਵਿਚ ਮੁੱਖ ਨਾਅਰੇ ਹੁੰਦੇ ਸਨ।

- ਲਾਲ ਝੰਡੇ ਦੀ ਇਹ ਆਵਾਜ਼, ਸੜਣ ਨਹੀਂ ਦੇਣਾ ਇਹ ਪੰਜਾਬ।
- ਹਿੰਦੂ ਸਿੱਖ ਨੂੰ ਲੜਨ ਨਹੀਂ ਦੇਣਾ, ਸੰਨ ਸੰਤਾਲੀ ਬਣਨ ਨਹੀਂ ਦੇਣਾ।
- ਨਾਂ ਹਿੰਦੂ ਰਾਜ ਨਾ ਖ਼ਾਲਿਸਤਾਨ, ਰਾਜ ਕਰੇ ਮਜ਼ਦੂਰ ਕਿਸਾਨ।
- ਫਿਰਕੂ ਦਹਿਸ਼ਤਗਰਦੀ ਮੁਰਦਾਬਾਦ, ਹਕੂਮਤੀ ਦਹਿਸ਼ਤਗਰਦੀ ਮੁਰਦਾਬਾਦ।
- ਪੰਜਾਬ ਮਸਲੇ ਦਾ ਜਮਹੂਰੀ ਹਲ ਕਰੋ–ਹਲ ਕਰੋ।
- ਇਨਕਲਾਬੀ ਏਕਤਾ ਕੇਂਦਰ ਜ਼ਿੰਦਾਬਾਦ, ਲੋਕ ਏਕਤਾ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ।
- 23 ਮਾਰਚ ਦੇ ਸ਼ਹੀਦਾਂ ਦੇ ਸ਼ਹੀਦਾਂ ਨੂੰ ਲਾਲ ਸਲਾਮ, ਬਲਦੇਵ ਸਿੰਘ ਮਾਨ ਨੂੰ ਲਾਲ ਸਲਾਮ।

ਵਡੇ ਪਿੰਡਾਂ 'ਚ ਇਕ ਖਾਲੀ ਥਾਂ ਤੇ ਖਲੋਕੇ ਨਾਅਰੇ ਲਗਾਏ ਜਾਂਦੇ ਸਨ। ਲੋਕ ਇਕੱਠੇ ਹੁੰਦੇ, ਇਕ ਗੀਤ ਬੋਲਿਆ ਜਾਂਦਾ ਸੀ ਤੇ ਫੇਰ ਸ਼ਹੀਦ ਭਗਤ ਸਿੰਘ ਦੇ ਮਿਸ਼ਨ ਬਾਰੇ ਦਸਿਆ ਜਾਂਦਾ ਸੀ। ਪੰਜਾਬ ਦੇ ਮਸਲੇ ਬਾਰੇ ਇਨਕਲਾਬੀ ਏਕਤਾ ਕੇਂਦਰ ਦਾ ਸਟੈਂਡ ਦਸ਼ਦਿਆਂ ਹੋਇਆਂ ਲੋਕਾਂ ਨੂੰ ਫਿਰਕੂ ਜ਼ਹਿਰ ਤੋਂ ਬਚਣ ਲਈ ਖਬਰਦਾਰ ਕੀਤਾ ਜਾਂਦਾ ਸੀ। ਜਿਥੇ ਕੇਂਦਰੀ ਸਰਕਾਰ ਨੂੰ ਇਸ ਮਸਲੇ ਬਾਰੇ ਮੁੱਖ ਦੋਸ਼ੀ ਸਥਾਪਤ ਕੀਤਾ ਜਾਂਦਾ ਸੀ, ਉਥੇ ਅਕਾਲੀ ਦਲ ਨੂੰ ਵੀ ਮਸਲੇ ਨੂੰ ਉਲਝਾਣ ਦਾ ਪੂਰੀ ਤਰ੍ਹਾਂ ਜ਼ਿਮੇਂਵਾਰ ਠਹਿਰਾਇਆ ਜਾਂਦਾ ਸੀ। ਖਾਲਿਸਤਾਨੀ ਦਹਿਸ਼ਤਗਰਦੀ ਦੀ ਸਖਤ ਸ਼ਬਦਾਂ ਵਿਚ ਵਿਰੋਧਤਾ ਕੀਤੀ ਜਾਂਦੀ ਸੀ, ਜੋ ਬੇਦੋਸ਼ਿਆਂ ਦੇ ਕਤਲ ਕਰਦੇ ਹਨ, ਝੂਠੇ ਪੁਲਸ ਮੁਕਾਬਲਿਆਂ ਦਾ, ਕਾਲੇ ਕਾਨੂੰਨਾਂ ਦਾ ਡਟ ਕੇ ਵਿਰੋਧ ਕੀਤਾ ਜਾਂਦਾ ਸੀ। ਲੋਕਾਂ ਨੂੰ ਕਿਹਾ ਜਾਂਦਾ ਸੀ, ਜੇਕਰ ਕੋਈ ਹਿੰਦੂ ਬੇਦੋਸ਼ਾ ਮਾਰਿਆ ਜਾਂਦਾ ਹੈ ਤਾਂ ਸ਼ਾਧਾਰਨ ਸਿਖਾਂ ਨੂੰ ਇਸਦਾ ਫਿਕਰ ਹੋਣਾ ਚਾਹੀਦਾ ਹੈ ਅਤੇ ਜੇ ਕੋਈ ਸਿਖ ਨੌਜਵਾਨ ਝੂਠੇ ਮੁਕਾਬਲੇ ਵਿਚ ਮਾਰਿਆ ਜਾਂਦਾ ਹੈ ਤਾਂ ਸਿਖਾਂ ਨੂੰ ਫਿਕਰ ਹੋਣਾ ਚਾਹੀਦਾ ਹੈ। ਭਰਾ ਮਾਰ ਫਿਰਕੂ ਸਿਆਸਤ ਦੀ ਥਾਂ ਉਹਨਾਂ ਨੂੰ ਭਗਤ ਸਿੰਘ ਦੇ ਦਸੇ ਮੁਕਤੀ ਵਾਲੇ ਰਾਹ ਤੇ ਚੱਲਣਾ ਚਾਹੀਦਾ ਹੈ, ਜੋ ਇਨਕਲਾਬ ਦਾ ਰਾਹ ਹੈ। ਹਰ ਦਿਨ ਇਕ ਜਾਂ ਦੋ ਵਡੀਆਂ ਕਾਨਫਰੰਸਾਂ, ਤਿੰਨ ਚਾਰ ਵਡੀਆਂ ਰੈਲੀਆਂ ਅਤੇ ਛੇ ਤੋਂ ਸੱਤ ਨੁਕੜ ਨਾਟਕ ਕੀਤੇ ਜਾਂਦੇ। ਪੰਜ ਤੋਂ ਸੱਤ ਹਜ਼ਾਰ ਲੋਕਾਂ ਤਕ ਹਰ ਰੋਜ਼ ਸਿਧੀ ਪਹੁੰਚ ਕੀਤੀ ਜਾਂਦੀ। ਇਸ ਤਰ੍ਹਾਂ ਪੰਦਰਾਂ ਦਿਨਾਂ ਵਿਚ ਕੋਈ ਇਕ ਲੱਖ ਲੋਕਾਂ ਤਕ ਇਨਕਲਾਬ ਦਾ ਸੁਨੇਹਾ ਪਹੁੰਚਾਇਆ ਗਿਆ ਅਤੇ ਲੋਕ ਵੀ ਉਹ ਜੋ ਦੂਰ ਦੁਰਾਡੇ ਪਿੰਡਾਂ ਵਿਚ ਰਹਿੰਦੇ ਹਨ। ਇਸ ਬਹੁਤ ਹੀ ਸਫਲ ਮਾਰਚ ਦੀਆਂ ਕੁਝ ਝਲਕੀਆਂ ਮੈਂ ਆਪਣੀ ਡਾਇਰੀ ਵਿਚੋਂ ਲੈ ਕੇ ਸਮਤਾ ਦੇ ਪਾਠਕਾਂ ਨਾਲ ਸੰਖੇਪ ਤੌਰ ਤੇ ਸਾਂਝੀਆਂ ਕਰ ਰਿਹਾ ਹਾਂ।

o 8 ਮਾਰਚ–ਇਹ ਉਹ ਦਿਨ ਸੀ, ਜਦੋਂ ਪੰਜ ਪਾਰਟੀ ਵਲੋਂ ਸਰਕਾਰੀ ਸਮਾਗਮ ਲੁਧਿਆਣੇ ਵਿਚ ਹੋ ਰਿਹਾ ਸੀ। ਸਾਥੀ ਦਰਸ਼ਨ ਖਟਕੜ ਨੇ ਹਰ ਰੈਲੀ ਵਿਚ ਇਹਦਾ ਜ਼ਿਕਰ ਕੀਤਾ ਕਿ ਕਿਸ ਤਰ੍ਹਾਂ ਉਹੀ ਪਾਰਟੀਆਂ ਜੋ ਫਿਰਕੂ ਜ਼ਹਿਰ ਫੈਲਾਉਣ ਦੀਆਂ ਜ਼ਿੰਮੇਵਾਰ ਹਨ, ਉਹ ਹੁਣ ਫਿਰਕੂ ਏਕਤਾ ਦੇ ਢੋਂਗ ਕਰ ਰਹੀਆਂ ਹਨ।

o 10 ਮਾਰਚ–ਕਾਫਲਾ ਅੱਜ ਰੌਤਾਂ ਪਿੰਡ ਪੁਜਿਆ ਹੈ। ਇਸ ਪਿੰਡ ਵਿਚ ਜਿਸ ਗਰਮ ਜੋਸ਼ੀ ਨਾਲ ਕਾਫਲੇ ਦਾ ਸਵਾਗਤ ਕੀਤਾ ਗਿਆ, ਉਹ ਆਪਣੇ ਆਪ ਵਿਚ ਇਕ ਮਿਸਾਲ ਸੀ। ਕਾ. ਤੇਜਾ ਸਿੰਘ ਸੁਤੰਤਰ ਦੇ ਸਾਥੀ ਰਾਮ ਸਿੰਘ ਦੌੜ ਇਸ ਪਿੰਡ ਵਿਚ ਸਰਗਰਮ ਰਹੇ ਹਨ। ਵੱਡੀ ਸੜਕ ਤੋਂ ਦੂਰ ਇਹ ਪਿੰਡ ਇਨਕਲਾਬੀ ਚੇਤਨਾ ਦਾ ਚਿੰਨ ਸੀ। ਕਿਸੇ ਸੁਹਿਰਦ ਸਾਥੀ ਨੇ ਜੇਕਰ ਇਲਾਕੇ ਵਿਚ ਜੁੱਟਕੇ ਕੰਮ ਕੀਤਾ ਹੋਵੇ ਤਾਂ ਉਹ ਲੰਮੇ ਅਰਸੇ ਲਈ ਆਪਣਾ ਅਸਰ ਛੱਡਦਾ ਹੈ। ਪਿੰਡ ਦੇ ਇਸ ਵਾਤਾਵਰਨ ਨੇ ਸਾਨੂੰ ਉਤਸ਼ਾਹ ਦਿੱਤਾ। ਨੌਜਵਾਨ ਸਾਥੀ ਰਮੇਸ਼ ਰਾਣਾ ਲਈ ਇਸ ਪਿੰਡ ਵਿਚ ਖਾਸ ਕਰਕੇ ਅਤੇ ਹੋਰ ਥਾਵਾਂ ਤੇ ਜਿਥੋਂ ਜਿਥੋਂ ਕਾਫਲਾ ਲੰਘਿਆ, ਕੀਤਾ ਕੰਮ ਇਕ ਖੁਸ਼ੀ ਦੀ ਗੱਲ ਸੀ।

o 11 ਮਾਰਚ–ਕਲਿਆਨਪੁਰ ਧਾਰੀਵਾਲ ਦੇ ਨੇੜੇ ਹੀ ਇਕ ਪਿੰਡ ਹੈ। ਇਥੇ ਸਾਡੇ ਕਾਫਲੇ ਨੂੰ ਜੀ ਆਇਆਂ ਆਖਣ ਵਾਲੇ ਬਹੁਤੇ ਸਾਥੀ ਉਹ ਹਨ, ਜਿਹੜੇ ਪਿੰਡ ਵਿਚ ਬੇਜ਼ਮੀਨੇ ਕਹਿਲਾਂਦੇ ਹਨ। ਉਹਨਾਂ ਵਿਚੋਂ ਬਹੁਤੇ ਹੁਣ ਧਾਰੀਵਾਲ ਵਿਚ ਕੰਮ ਕਰਦੇ ਹਨ। ਮਜ਼ਦੂਰ ਵਰਗ ਦੇ ਉਹ ਅਸਲ ਨੁਮਾਇੰਦੇ ਹਨ। ਇਹਨਾਂ ਵਿਚ ਸਾਡੇ ਸਾਥੀ ਗੁਰਮੀਤ ਸਿੰਘ ਨੇ ਬਹੁਤ ਚੰਗਾ ਕੰਮ ਕੀਤਾ ਹੈ। ਉਹਨਾਂ ਦੇ ਘਰਾਂ ਵਿਚ ਹੀ ਰਾਤੀਂ ਕਾਫਲਾ ਠਹਿਰਿਆ। ਇਕ ਉਤਸ਼ਾਹ ਸੀ। ਮੇਰੀ ਇਕ ਧਾਰਨਾ ਜਿਸ ਬਾਰੇ ਮੈਂ ਆਮ ਰੈਲੀਆਂ ਵਿਚ ਜ਼ਿਕਰ ਕਰਦਾ ਹਾਂ ਕਿ ਮਨੁੱਖ ਜਦੋਂ ਚੰਨ ਤੱਕ ਪੁੱਜ ਗਿਆ ਹੈ ਤਾਂ ਇਹਨਾਂ ਕੱਚਿਆਂ ਅਤੇ ਘੁਰਨਿਆਂ ਵਿਚ ਰਹਿੰਦੇ ਲੋਕ ਅੱਜ ਦੇ ਮਨੁੱਖ ਲਈ ਚਣੌਤੀ ਹਨ। ਇਨਕਲਾਬ ਦੀ ਸਭ ਤੋਂ ਵੱਡੀ ਲੋੜ ਹੀ ਇਹਨਾਂ ਨੂੰ ਹੈ। ਇਹ ਇਨਕਲਾਬ ਲਈ ਪੱਕੀ ਸ਼ਕਤੀ ਬਣਨਗੇ। ਇਹਨਾਂ ਕੋਲੋਂ ਗਵਾਉਣ

Regd. with the Registrar News papres Vide No MA/12397-D dated 18 4 806e
Post Office No. P/AR—133e22

ਲੜਾਈ ਕੁਝ ਨਹੀਂ, ਪਰ [illegible]ਾਂ ਕੋਲ ਜ਼ਿੰਦਗੀ ਜਿੱਤਣ ਲਈ ਹੈ।

o 12 ਮਾਰਚ—ਧਾਰੀਵਾਲ ਮਿਲ ਵਿਚ 12 ਤੋਂ 12-30 ਛੁੱਟੀ ਹੋਈ ਹੈ। ਕਾਫ਼ਲੇ ਦਾ ਸੁਨੇਹਾ ਦੇਣ ਲਈ ਮਿੱਲ ਦੇ ਬਾਹਰ ਅਸੀਂ ਰੈਲੀ ਲਈ ਪੁੱਜ ਗਏ ਹਾਂ, ਇਨਕਲਾਬੀ ਗੀਤ ਸ਼ੁਰੂ ਹਨ। ਨਾਅਰੇ ਵੱਜ ਰਹੇ ਹਨ, ਮਿੱਲ ਦਾ ਹੂਟਰ ਵੱਜਦਾ ਹੈ, ਵਰਕਰ ਰੋਟੀਆਂ ਦੇ ਛੋਟੇ ਛੋਟੇ ਡੱਬੇ ਲੈਕੇ ਬਾਹਰ ਨਿਕਲੇ ਹਨ, ਰੋਟੀ ਖਾਣ ਦੇ ਕਾਰਜ 5 ਮਿੰਟਾਂ ਵਿਚ ਮੁਕਾਕੇ ਉਹ ਵੱਡੀ ਗਿਣਤੀ ਵਿਚ ਰੈਲੀ ਸੁਣਨ ਲਈ ਬੈਠਦੇ ਹਨ। ਕਾਮਰੇਡ ਦਰਸ਼ਨ ਸਿੰਘ ਖਟਕੜ ਉਹਨਾਂ ਨਾਲ ਦੇਸ਼ ਅਤੇ ਪੰਜਾਬ ਦੀ ਰਾਜਨੀਤੀ ਬਾਰੇ ਸਪੱਸ਼ਟ ਗੱਲਾਂ ਕਰਦਾ ਹੈ। ਮਜ਼ਦੂਰ ਜਮਾਤ ਨੇ ਆਉਣ ਵਾਲੇ ਸਮੇਂ ਵਿਚ, ਜੋ ਭੂਮਿਕਾ ਨਿਭਾਉਣੀ ਹੈ, ਉਹਦੇ ਉਤੇ ਰੋਸ਼ਨੀ ਪਾਂਦਾ ਹੈ। ਬਹੁਤ ਧਿਆਨ ਨਾਲ ਉਹ ਸਭ ਕੁਝ ਸੁਣ ਰਹੇ ਹਨ। ਫਿਰਕੂ ਸਿਆਸਤ ਮਜ਼ਦੂਰ ਜਮਾਤ ਲਈ ਸਭ ਤੋਂ ਵੱਡੀ ਹਾਨੀਕਾਰਕ ਹੈ। ਮਿੱਲ ਦਾ ਹੂਟਰ ਵੱਜ ਗਿਆ। ਮਜ਼ਦੂਰਾਂ ਦਾ ਦਿਲ ਨਹੀਂ ਕਰਦਾ ਉੱਠਣ ਦਾ। ਉਹ ਇਹ ਗੱਲਾਂ ਜਿਹੜੀਆਂ ਉਹਨਾਂ ਨੂੰ ਜ਼ਿੰਦਗੀ ਦੀ ਰੌਸ਼ਨੀ ਦੇਂਦੀਆਂ ਹਨ, ਘੰਟਿਆਂ ਬੱਧੀ ਸੁਣਨਾ ਚਾਹੁੰਦੇ ਹਨ। ਮਜਬੂਰੀ ਦੀ ਹਾਲਤ ਵਿਚ ਉਹ ਉੱਠਦੇ ਹਨ, ਕਾਫ਼ਲੇ ਦੇ ਨਾਅਰਿਆਂ ਵਿਚ ਸ਼ਾਮਲ ਹੁੰਦੇ ਉਹ ਮਿੱਲ ਦੇ ਅੰਦਰ ਜਾਂਦੇ ਹਨ।

o 14 ਮਾਰਚ—ਦੁਪਹਿਰ ਦਾ ਵਕਤ ਹੈ, ਕਲਾਨੌਰ ਦੇ ਬੱਸ ਸਟੈਂਡ ਤੇ ਕਾਫ਼ਲਾ ਰੁਕਿਆ ਹੋਇਆ ਹੈ, ਫੋਰਵੀਲਰ ਤੇ ਖਲੋਤਾ ਹੋਇਆ ਮੈਂ ਰੈਲੀ ਵਿਚ ਭਗਤ ਸਿੰਘ ਦੇ ਵਿਚਾਰਾਂ ਨੂੰ ਲੋਕਾਂ ਵਿਚ ਸਾਂਝਾ ਕਰ ਰਿਹਾ ਹਾਂ। ਰੈਲੀ ਖ਼ਤਮ ਹੁੰਦੀ ਹੈ। ਇਕ ਬੁਜ਼ੁਰਗ ਮੇਰੇ ਕੋਲ ਆਂਦਾ ਹੈ। ਉਹ ਏਨੇ ਹੀ ਸ਼ਬਦ ਹੀ ਕਹਿੰਦਾ ਹੈ, ਅੱਜ ਬੜੇ ਸਾਲਾਂ ਬਾਅਦ ਮੈਨੂੰ ਦਿਸ਼ ਲੱਗਿਆ ਹੈ ਕਿ ਇਸ ਧਰਤੀ ਨੂੰ ਚੰਗਾ ਬਨਾਉਣ ਦੀ ਉਮੀਦ ਹਾਲੇ ਮੁੱਕੀ ਨਹੀਂ, ਰੱਬ ਤੁਹਾਨੂੰ ਲੰਮੀ ਉਮਰ ਤੇ ਸ਼ਕਤੀ ਦੇਵੇ।

o 19 ਮਾਰਚ—ਵਰ੍ਹਦੇ ਮੀਂਹ ਵਿਚ ਕਾਫ਼ਲਾ ਬਲਦੇਵ ਮਾਨ ਦੇ ਪਿੰਡ ਬੱਗਾ ਕਲਾਂ ਪੁੱਜਿਆ ਹੈ, ਚਿੱਕੜ ਹੈ, ਪਰ ਕਾਫ਼ਲਾ ਪਿੰਡ ਦੀਆਂ ਗਲੀਆਂ ਵਿਚ ਸਾਥੀ ਨੂੰ ਲਾਲ ਸਲਾਮ—ਸਾਥੀ ਤੇਰਾ ਕੰਮ ਅਧੂਰਾ, ਲਾ ਕੇ ਜਿੰਦੜੀਆਂ ਕਰਾਂਗੇ ਪੂਰਾ, ਲੋਕ ਘੋਲ ਨਾ ਥੰਮਣਗੇ, ਘਰ ਘਰ ਮਾਨ ਜੰਮਣ ਗੇ। ਕਾਫ਼ਲਾ ਆਪਣੇ ਸ਼ਹੀਦ ਸਾਥੀ ਨੂੰ ਸ਼ਰਧਾਂਜਲੀ ਦੇਂਦਾ ਹੈ। ਇਹ ਪਿੰਡ ਇਨਕਲਾਬੀ ਸੰਘਰਸ਼ ਦੇ ਸੰਦਰਭ ਵਿਚ ਹੁਣ ਇਕ ਇਤਿਹਾਸਕ ਥਾਂ ਰੱਖਦਾ ਹੈ।

o 20 ਮਾਰਚ—ਸਰਾਏ ਅਮਾਨਤ ਖਾਨ ਰੈਲੀ ਹੋ ਰਹੀ ਹੈ। ਕਾ. ਸੁਰਬਜੀਤ, ਕਾ. ਸੰਪੂਰਨ ਸਿੰਘ ਬਾਰਡਰ ਦੇ ਰਹਿ ਰਹੇ ਪਿੰਡਾਂ ਦੇ ਲੋਕਾਂ ਦੇ ਮਸਲੇ ਪੇਸ਼ ਕਰਦੇ ਹਨ, ਉਹ ਲੋਕ ਜੋ ਕਹਿੰਦੇ ਹਨ ਕਿ ਸਰਹੱਦ ਦੇ ਪੰਜ ਕਿਲੋਮੀਟਰ ਰੱਖਿਆ ਪੱਟੀ ਬਣਾ ਦਿੱਤੀ ਜਾਏ, ਉਹ ਉਹਨਾਂ ਲੋਕਾਂ ਤੋਂ ਦੁੱਖਾਂ ਤੋਂ ਬਹੁਤ ਹੀ ਅਨਜਾਣ ਹਨ, ਜੋ ਲੱਖਾਂ ਦੀ ਗਿਣਤੀ ਵਿਚ ਬਾਰਡਰ ਦੇ ਪਿੰਡਾਂ ਵਿਚ ਵੱਸਦੇ ਹਨ। ਇਹ ਰੈਲੀ ਉਸ ਧਾਰਨਾ ਦਾ ਮੂੰਹ ਤੋੜਵਾ ਜਵਾਬ ਸੀ।

o 22 ਮਾਰਚ—ਕਾਫਲਾ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਬੰਗਾ ਪੁੱਜ ਗਿਆ ਹੈ। ਸਾਰੇ ਪੰਜਾਬ ਤੋਂ ਵੱਖ ਵੱਖ ਥਾਂਵਾਂ ਤੇ ਟਰੱਕ, ਫੋਰਵੀਲਰ, ਟਰੈਕਟਰ ਲੈ ਕੇ ਸਾਥੀ ਉਥੇ ਇਕੱਠੇ ਸਨ, ਇਹ ਜਗਰਾਓਂ ਤੋਂ ਆਏ, ਮੋਗੇ ਤੋਂ ਆਏ, ਤਲਵਾੜਾ ਤੋਂ ਆਏ, ਦਸੂਹੇ ਤੋਂ ਆਏ, ਬਠਿੰਡਾ ਤੋਂ ਆਏ, ਗਰਾਇਆਂ ਤੋਂ ਆਏ। 2 ਹਜ਼ਾਰ ਦੀ ਗਿਣਤੀ ਹੈ। ਪਤਾ ਲੱਗਾ ਕਿ ਖਟਕੜਕਲਾਂ ਪੁਲਸ ਅਤੇ ਕੇਂਦਰੀ ਰੀਜ਼ਰਵ ਪੁਲਸ ਨੇ ਘੇਰਿਆ ਹੋਇਆ ਹੈ। ਕੋਈ ਰੈਲੀ ਉਥੇ ਨਹੀਂ ਹੋਣ ਦਿੱਤੀ ਜਾਏਗੀ, ਕਿਉਂਕਿ ਅਗਲੇ ਦਿਨ ਸਰਕਾਰੀ ਤੌਰ ਤੇ ਪੰਜ ਪਾਰਟੀਆਂ ਦੀ ਰੈਲੀ ਉਥੇ ਹੋਣੀ ਹੈ ਅਤੇ ਸਿਕਉਰਟੀ ਲਈ ਇਹ ਕਦਮ ਚੁੱਕੇ ਜਾ ਰਹੇ ਹਨ। ਕਾਫ਼ਲਾ ਖਟਕੜਕਲਾਂ ਬਗੈਰ ਰੁਕੇ ਕਾਹਮਾ ਪਿੰਡ ਰੁਕਦਾ ਹੈ। ਉਥੇ ਰਾਤ ਦਾ ਪੜਾਅ ਹੈ। ਕਾਹਮੇ ਕਾਨਫਰੰਸ ਕੀਤੀ ਜਾਂਦੀ ਹੈ। ਇਕ ਵੱਡਾ ਜਲੂਸ ਜਿਸ ਵਿਚ ਆਸ ਪਾਸ ਦੇ ਪਿੰਡਾਂ ਦੇ ਲੋਕ ਵੀ ਸ਼ਾਮਲ ਹੋ ਗਏ ਹਨ, ਖਟਕੜ ਕਲਾਂ ਵੱਲ ਚੱਲਦਾ ਚਲਦਾ ਹੈ। ਸ਼ਹੀਦ ਸਮਾਰਕ ਤੋਂ 500 ਗਜ਼ ਉਰੇ ਪੁਲਸ ਸੰਗੀਨਾਂ ਲੈਕੇ ਅੱਗੇ ਖਲੋ ਜਾਂਦੀ ਹੈ। 3 ਹਜ਼ਾਰ ਬੰਦਾ ਸੜਕ ਤੇ ਧਰਨਾ ਲਾਕੇ ਬੈਠ ਜਾਂਦਾ ਹੈ। ਅਧਿਕਾਰੀ ਗੱਲਬਾਤ ਕਰਦੇ ਹਨ। ਨਾਅਰੇ ਲੱਗ ਰਹੇ ਹਨ **'ਸ਼ਹੀਦ ਭਗਤ ਸਿੰਘ ਸਾਡਾ ਹੈ, ਸਾਡਾ ਹੈ' ਅਸੀਂ ਭਗਤ ਸਿੰਘ ਦੇ ਵਾਰਸ ਹਾਂ, ਵਾਰਸ ਹਾਂ'**, ਵਾਇਰਲੈਸ ਭੇਜੀਆਂ ਜਾਂਦੀਆਂ ਹਨ। ਜਲੂਸ ਦੇ ਰੋਹ ਨੂੰ ਵੇਖਕੇ ਅਧਿਕਾਰੀ ਝੁਕਦੇ ਹਨ। ਕਾਫ਼ਲਾ ਸ਼ਹੀਦ ਦੇ ਸਮਾਰਕ ਤੇ ਪੁੱਜਦਾ ਹੈ। ਇਕ ਘੰਟਾ ਉਥੇ ਰੈਲੀ ਕੀਤੀ ਜਾਂਦੀ ਹੈ। ਗੀਤ ਬੋਲੇ ਜਾਂਦੇ ਹਨ। ਹੁਣ ਤੱਕ ਹਾਜ਼ਰੀ 5 ਹਜ਼ਾਰ ਤੱਕ ਪੁੱਜ ਗਈ। ਸਰਦਾਰਾ ਸਿੰਘ ਮਾਹਲ ਆਪਣੀ ਜੋਸ਼ੀਲੀ ਆਵਾਜ਼ ਵਿਚ ਉਹਨਾਂ ਲੋਕਾਂ ਦੇ ਦੰਭ ਨੂੰ ਨੰਗੇ ਕਰਦਾ, ਜੋ ਅਸਲ ਵਿਚ ਸ਼ਹੀਦ ਦੇ ਵਿਚਾਰਾਂ ਦੇ ਉਲਟ ਹਨ, ਪਰ ਸ਼ਰਧਾਂਜਲੀ ਦੇ ਬਹਾਨੇ ਉਹਨਾਂ ਲੋਕਾਂ ਕੋਲੋਂ ਸ਼ਹੀਦ ਨੂੰ ਖੋਹਣਾ ਚਾਹੁੰਦੇ ਹਨ, ਜੋ ਉਸਦੇ ਅਸਲੀ ਵਾਰਿਸ ਹਨ। **ਸ਼ਹੀਦ ਭਗਤ ਸਿੰਘ ਸਾਡਾ ਹੈ ਅਤੇ ਅਸੀਂ ਹੀ ਉਹਦੇ ਇਨਕਲਾਬੀ ਮਿਸ਼ਨ ਨੂੰ ਅੱਗੇ ਲਿਜਾਣਾ ਹੈ।**